ੴ ਸਤਿਗੁਰ ਪ੍ਰਸਾਦਿ

# ਭਗਤ ਤ੍ਰਿਲੋਚਨ ਜੀ

ਡਾ. ਗੰਡਾ ਸਿੰਘ ਮੈਮੋਰੀਅਲ ਟਰੱਸਟ ਵੱਲੋਂ
ਕਰਵਾਈ ਗਈ ਲੇਖ ਪ੍ਰਤਿਯੋਗਤਾ
2002-03
ਵਿਚ ਦੂਸਰਾ ਸਥਾਨ ਪ੍ਰਾਪਤ ਲੇਖ

ਖੋਜ ਸਹਾਇਕ
ਪ੍ਰੋ. ਸਾਹਿਬ ਸਿੰਘ ਟੱਰਸਟ
1-ਢਿੱਲੋਂ ਮਾਰਗ, ਪਟਿਆਲਾ

2004
ਗੁਰੂ ਨਾਨਕ ਦੇਵ ਮਿਸ਼ਨ ਲੜੀ 524

ਗੁਰੂ ਨਾਨਕ ਦੇਵ ਮਿਸ਼ਨ
ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ
1-ਢਿੱਲੋਂ ਮਾਰਗ, ਪਟਿਆਲਾ

ਭੇਟਾ: 12/-

Digitized by Panjab Digital Library | www.panjabdigilib.org

# ਗੁਰੂ ਨਾਨਕ ਦੇਵ ਮਿਸ਼ਨ ਦੇ ਅਹੁਦੇਦਾਰ

**ਪ੍ਰਧਾਨ**

ਡਾ. ਭਗਤ ਸਿੰਘ
ਸਾਬਕਾ ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ : (0175)-212072

**ਉਪ ਪ੍ਰਧਾਨ**

ਪ੍ਰੋ. ਗੁਰਸੇਵਕ ਸਿੰਘ
ਸਾਬਕਾ ਡੀ.ਪੀ.ਆਈ.(ਕਾਲਜਾਂ)ਪੰਜਾਬ,
ਫੋਨ : (0175)213232

**ਸਕੱਤਰ**

ਡਾ. ਐਸ.ਐਸ. ਨੰਦਾ
ਪੀ.ਈ. ਐਸ.-1(ਸੇਵਾ ਮੁਕਤ)
ਫੋਨ : (0175)215704,219475

**ਸਲਾਹਕਾਰ**

ਡਾ. ਗੁਰਚਰਨ ਸਿੰਘ
ਪ੍ਰੋਫੈਸਰ ਆਫ ਪੰਜਾਬੀ (ਸੇਵਾ ਮੁਕਤ)
ਸਾਬਕਾ ਫੈਲੋ,
ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਫੋਨ : (0175)214738

ਡਾ. ਬ੍ਰਿਜਪਾਲ ਸਿੰਘ
ਸਾਬਕਾ ਪ੍ਰੋਫੈਸਰ ਆਫ ਐਕਨਾਮਿਕਸ
ਲਾਲ ਬਹਾਦਰ ਸਾਸਤਰੀ ਨੈਸ਼ਨਲ ਅਕਾਡਮੀ
ਆਫ ਐਡਮਨਿਸਟ੍ਰੇਸ਼ਨ, ਮਸੂਰੀ
ਫੋਨ : (0175)216738

ਜਥੇਦਾਰ ਹਰਬੰਸ ਸਿੰਘ ਮਾਨ
ਜੋੜਾ ਮਾਜਰਾ
ਸਾਬਕਾ ਐਮ.ਡੀ.,
ਸੈਂਟਰਲ ਕੋਓਪਰੇਟਿਵ ਬੈਂਕ, ਪਟਿਆਲਾ
ਫੋਨ : (0175)212594

**ਚੰਦਿਆਂ ਦੀ ਦਰ**

ਭਾਰਤ

ਵਾਰਸ਼ਿਕ .................................. 35-00
ਜੀਵਨ-ਪ੍ਰਯੰਤ ............................ 350-00

ਵਿਦੇਸ

ਜੀਵਨ ਪ੍ਰਯੰਤ ......................... 1000-00

ਗੁਰੂ ਨਾਨਕ ਦੇਵ ਮਿਸ਼ਨ ਦੇ ਮੈਂਬਰਾਂ ਨੂੰ ਮਿਸ਼ਨ ਵਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਪੁਸਤਕਾਵਾਂ (*Tracts*) ਮੁਫਤ ਭੇਜੀਆਂ ਜਾਂਦੀਆਂ ਹਨ।

ਮੈਨੂੰ ਪੂਰਨ ਵਿਸਵਾਸ ਹੈ ਕਿ ਗੁਰਸਿਖ ਪਾਠਕ ਮੇਰੀ ਇਸ ਬੇਨਤੀ ਨੂੰ ਜ਼ਰੂਰ ਸਵੀਕਾਰ ਜ਼ਰੂਰ ਸਵੀਕਾਰ ਕਰਨਗੇ ਅਤੇ ਮਿਸਨ ਦੀ ਮਾਲੀ ਹਾਲਤ ਨੂੰ ਦ੍ਰਿੜ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਜ਼ਰੂਰ ਦੇਣਗੇ। ਗੁਰੂ ਨਾਨਕ ਦੇਵ ਮਿਸ਼ਨ ਨੂੰ ਹਰ ਤਰ੍ਹਾਂ ਦੀ ਰਕਮ ਮਨੀਆਰਡਰ, ਚੈੱਕ ਜਾਂ ਬੈਂਕ ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ। ਬੈਂਕ ਡਰਾਫਟ ਜਾਂ ਚੈੱਕ ਗੁਰੂ ਨਾਨਕ ਦੇਵ ਮਿਸਨ, ਪਟਿਆਲਾ ਦੇ ਨਾਮ ਤੇ ਕਿਸੇ ਵੀ ਬੈਂਕ ਦਾ ਭੇਜਿਆ ਜਾ ਸਕਦਾ ਹੈ।

ਡਾ. ਐਸ. ਐਸ. ਨੰਦਾ
ਸਕੱਤਰ
ਗੁਰੂ ਨਾਨਕ ਦੇਵ ਮਿਸ਼ਨ,
ਅਕਾਡਮੀ ਆਫ ਸਿੱਖ ਰਿਲੀਜਨ ਐਂਡ ਕਲਚਰ,
1-ਢਿੱਲੋਂ ਮਾਰਗ, ਪਟਿਆਲਾ।
ਫੋਨ : 215704
214738

Digitized by Panjab Digital Library | www.panjabdigilib.org

# ਭਗਤ ਤ੍ਰਿਲੋਚਨ ਜੀ

**ਗੁਰਮੇਲ ਸਿੰਘ**

ਭਗਤ ਤ੍ਰਿਲੋਚਨ ਜੀ ਉਹ ਮਹਾਂਪੁਰਖ਼ ਹਨ, ਜਿਨ੍ਹਾਂ ਦੀ ਪਵਿਤਰ ਬਾਣੀ ਨੂੰ ਗੁਰੂ ਅਰਜਨ ਸਾਹਿਬ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸ਼ਾਮਲ ਕਰਕੇ ਸਦੀਵੀ ਅਮਰਤਾ ਦਾ ਰੁਤਬਾ ਦਿਤਾ ਹੈ। ਅਧਿਐਨ ਦੇ ਮਸਲੇ ਵਿਚ, ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ 15 ਭਗਤ ਸਾਹਿਬਾਨਾਂ (ਕਬੀਰ, ਨਾਮਦੇਵ, ਰਵਿਦਾਸ, 'ਤ੍ਰਿਲੋਚਨ', ਫਰੀਦ, ਬੇਣੀ, ਧੰਨਾ, ਜੈਦੇਵ, ਭੀਖਨ, ਸੂਰਦਾਸ, ਪਰਮਾਨੰਦ, ਸੈਣ, ਪੀਪਾ, ਸਧਨਾ ਅਤੇ ਰਾਮਾਨੰਦ ਜੀ) ਵਿਚੋਂ ਭਗਤ ਕਬੀਰ, ਨਾਮਦੇਵ, ਬਾਬਾ ਫ਼ਰੀਦ ਅਤੇ ਭਗਤ ਰਵਿਦਾਸ ਜੀ ਹੀ ਅਜਿਹੇ ਭਗਤ ਸਾਹਿਬਾਨ ਹਨ, ਜਿਨ੍ਹਾਂ ਦੇ ਬਾਰੇ ਵਿਚ ਸਿਖ ਸਕੂਲ ਦੇ ਵਿਦਵਾਨਾਂ ਦੁਆਰਾ ਕੁਝ-ਕੁ ਵਰਣਨਯੋਗ ਕੰਮ ਹੋਇਆ ਹੈ। ਬਾਕੀ ਭਗਤਾਂ ਬਾਰੇ ਕੋਈ ਵਿਸ਼ੇਸ਼ ਕਾਰਜ ਦੇਖਣ ਵਿਚ ਨਹੀਂ ਆਇਆ। ਹਥਲੀ ਕੋਸ਼ਿਸ਼ ਵਿਚ ਭਗਤ ਤ੍ਰਿਲੋਚਨ ਜੀ ਸਬੰਧੀ ਕਾਰਜ ਨੂੰ 'ਕਾਰਜ ਸੀਮਾ' ਅਤੇ 'ਸ੍ਰੋਤ ਸੀਮਾ' ਦੇ ਸਨਮੁਖ ਹੇਠ ਲਿਖੇ ਭਾਗਾਂ ਵਿਚ ਵੰਡ ਕੇ ਵਿਚਾਰਿਆ ਜਾ ਰਿਹਾ ਹੈ :

1. **ਜੀਵਨ ਤਥਾ ਵਿਅਕਤਿਤ੍ਵ (Life/Personality)**
   - 1.1 *ਸ੍ਰੋਤ ਆਧਾਰਿਤ (Based on Sources)*
   - 1.2 *ਭਾਵਨਾ-ਮੂਲਿਕ (Based on Hagiographic Facts)*
2. **ਰਚਨਾ (Literary Composition)**
   - 2.1 *ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ (ਪ੍ਰਮਾਣਿਕ)*
   - 2.2 *ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ (ਅਪ੍ਰਮਾਣਿਕ)*
3. **ਵਿਚਾਰਧਾਰਾ (Ideology)**
   - 3.1 *ਸਿਧਾਂਤਿਕ ਪਖ (Doctrinal)*
   - 3.2 *ਕਲਾ ਪਖ (Poetic Aspect)*

## 1. *ਜੀਵਨ/ਵਿਅਕਤਿਤ੍ਵ :*

ਭਾਰਤ ਦੇ ਪੁਰਾਤਨ/ਮਧਕਾਲੀ ਹੋਰ ਸੰਤਾਂ-ਭਗਤਾਂ ਵਾਂਗ ਭਗਤ ਤ੍ਰਿਲੋਚਨ ਜੀ ਦੇ ਜੀਵਨ ਵੇਰਵੇ ਪ੍ਰਮਾਣਿਕ ਰੂਪ ਵਿਚ ਉਪਲਬਧ ਨਹੀਂ ਹਨ, ਇਸ ਦਾ ਵਡਾ ਕਾਰਨ ਸ਼ਾਇਦ ਹਿੰਦੋਸਤਾਨੀ 'ਮਨਸ' ਵਿਚ ਇਤਿਹਾਸਕ-ਕਲਪਣਾ ਦਾ ਅਭਾਵ ਹੈ। ਇਤਿਹਾਸ ਦੀ ਪਛਮੀ ਧਾਰਨਾ (ਜਿਸ ਦੀ ਉਪਜ ਵਿਦਵਾਨ 'ਇਸਲਾਮੀ ਜਗਤ' ਨੂੰ ਮੰਨਦੇ ਹਨ) ਅਨੁਸਾਰ ਕਿਸੇ ਮਨੁਖ, ਘਟਨਾ ਜਾਂ ਸਥਿਤੀ ਆਦਿ ਨੂੰ ਨਾਂ, ਥਾਂ, ਸੰਨ-ਸੰਮਤ੍ਰ, ਬਾਲ-ਜੁਆਨੀ, ਕੰਮ-ਕਾਜ, ਜਨਮ-ਮਰਨ, ਰਚਨਾਵਾਂ-ਘਟਨਾਵਾਂ ਅਤੇ ਹੋਰ ਨਿਕੀਆਂ-ਵਡੀਆਂ ਗਲਾਂ ਦੇ ਵੇਰਵਿਆਂ ਦੀ ਸਹੀ ਪਰਖ਼-ਪੜਤਾਲ ਕਰਕੇ ਇਕ ਸਿਲਸਲੇਵਾਰ ਰੂਪ ਵਿਚ ਨਿਸ਼ਚਿਤ ਕਰਨਾ, ਵਿਗਿਆਨਕ-ਇਤਿਹਾਸਕਾਰੀ (Scientific-Historiography) ਹੈ। ਇਸ ਦੇ ਉਲਟ ਪੂਰਬੀ ਧਾਰਨਾ ਵਿਚ ਇਹ ਗਲ ਬਹੁਤੀ ਪਾਇਦਾਰ ਨਹੀਂ ਰਹੀ। ਪੂਰਬੀ ਇਤਿਹਾਸਕਾਰੀ ਨੇ

Digitized by Panjab Digital Library | www.panjabdigilib.org

ਮਾਨਵ-ਹਿਤੈਸ਼ੀ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੀ ਆਤਮਿਕ-ਉਚਾਈ (Level of Spiritual Growth) ਤੋਂ ਚਿਤਰਿਆ ਹੈ। ਇਸ ਕਰਕੇ ਕਿਸੇ ਵੀ ਮਹਾਂਪੁਰਖ ਸਬੰਧੀ ਪ੍ਰਮਾਣਿਕ (ਸੰਸਾਰਿਕ) ਵੇਰਵਿਆਂ ਦੀ ਅਣਹੋਂਦ, ਕੋਈ ਗ਼ੈਰ-ਕੁਦਰਤੀ ਵਰਤਾਰਾ ਨਹੀਂ (ਮਿਥਿਹਾਸਿਕ ਅੰਸ਼ਾਂ ਦੀ ਭਰਮਾਰ ਦਾ ਵੀ ਇਹ ਇਕ ਕਾਰਣ ਹੈ।) ਭਗਤ ਤ੍ਰਿਲੋਚਨ ਜੀ ਦੇ ਸਬੰਧ ਵਿਚ ਵੀ ਉਪਰਕੋਤ ਕਥਨ ਸਹੀ ਹਨ। ਇਨ੍ਹਾਂ ਦੇ ਜੀਵਨ-ਚਰਿਤ੍ਰ ਨੂੰ ਵਿਦਵਾਨਾਂ ਨੇ ਬਹੁਤਾ 'ਲੋਕ ਸਿਮ੍ਰਤੀ' ਵਿਚੋਂ ਹੀ ਚਿਤਰਿਆ ਹੈ।

*1.1 ਸ੍ਰੋਤ ਅਧਾਰਿਤ*

(ੳ) ਭਗਤ ਤ੍ਰਿਲੋਚਨ ਜੀ ਸਬੰਧੀ ਸਭ ਤੋਂ ਮੁਢਲੇ ਪ੍ਰਮਾਣਿਕ ਹਵਾਲੇ ਗੁਰਬਾਣੀ ਵਿਚੋਂ ਮਿਲਦੇ ਹਨ, ਪਰ ਇਹ ਧਿਆਨ ਰਹੇ ਕਿ ਗੁਰਬਾਣੀ ਉਨ੍ਹਾਂ ਦੇ ਆਤਮਿਕ ਵਿਅਕਤਿਤ੍ਵ ਦੇ ਦਰਸ਼ਨ ਹੀ ਕਰਵਾਉਂਦੀ ਹੈ, ਗੁਰਬਾਣੀ ਵਿਚ ਲਗਪਗ 13-14 ਹਵਾਲੇ ਮਿਲਦੇ ਹਨ

(i) ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ 'ਭਾਰਤੀ ਵਰਣ-ਵੰਡ' ਪ੍ਰਥਾ ਨੂੰ ਨਿਕਾਰਦੇ ਹੋਏ, ਭਗਤ ਨਾਮਦੇਵ, ਜੈਦੇਵ, 'ਕੰਬੀਰੁ', ਧੰਨਾ, ਸੈਣ, ਰਵਿਦਾਸ ਅਤੇ ਤ੍ਰਿਲੋਚਨ ਜੀ ਦੇ ਉਦਾਹਰਣ ਰਾਹੀਂ, ਹਰਿ ਨਾਮ, ਸਾਧੂ (ਗੁਰਮੁਖਾਂ) ਦੀ ਸੰਗਤ ਦੀ ਵਡਿਆਈ ਦਸਦੇ ਹਨ :

*ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ*
*ਅਉਜਾਤਿ ਰਵਿਦਾਸੁ ਚਮਿਆਰੁ ਚਮਈਆ॥*
*ਜੋ ਜੋ ਮਿਲੈ ਸਾਧੂ ਜਨ ਸੰਗਤਿ*
*ਧਨੁ ਧੰਨਾ ਜਟੁ, ਸੈਣੁ ਮਿਲਿਆ ਹਰਿ ਦਈਆ॥*

(ਪੰਨਾ-੮੩੫)

*ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥*
*ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ॥*

(ਪੰਨਾ-੯੯੫)

(ii) ਗੁਰੂ ਅਰਜਨ ਸਾਹਿਬ ਵੀ (ਹੋਰ ਭਗਤਾਂ ਸਮੇਤ) ਭਗਤ ਤ੍ਰਿਲੋਚਨ ਜੀ ਦੀ ਸਖ਼ਸੀਅਤ (ਵਿਅਕਤਿਤ੍ਵ) ਵਿਚ ਹਰਿ ਕੀਰਤਨ, ਸਾਧ ਸੰਗਿ ਅਤੇ ਗੁਰ (ਗਿਆਨ) ਦੁਆਰਾ ਲਿਆਂਦੇ ਪਰਿਵਰਤਨ ਦੀ ਸ਼ਾਹਦੀ ਭਰਦੇ ਹਨ :

*ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ॥*
*ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ॥*

(ਪੰਨਾ-੪੯੮)

*ਧੰਨੈ ਸੇਵਿਆ ਬਾਲ ਬੁਧਿ॥*
*ਤ੍ਰਿਲੋਚਨ ਗੁਰ ਮਿਲਿ ਭਈ ਸਿਧਿ॥*

(ਪੰਨਾ-੧੧੯੨)

(iii) ਨਾਮਦੇਵ, ਕਬੀਰ, ਰਵਿਦਾਸ ਆਦਿਕ ਭਗਤ ਸਾਹਿਬਾਨਾਂ ਦੀ ਬਾਣੀ ਵਿਚ ਆਏ ਹਵਾਲੇ ਜਿਥੇ ਭਗਤ ਤ੍ਰਿਲੋਚਨ ਜੀ ਦੀ ਪ੍ਰਭੂ-ਭਗਤੀ, ਹਰਿ-ਸਿਮਰਨ ਆਦਿ ਦੁਆਰਾ ਕੀਤੀ ਆਤਮਿਕ ਤਰਕੀ ਦੀ ਦੱਸ ਪਾਉਂਦੇ ਹਨ, ਉਥੇ ਇਨ੍ਹਾਂ ਨੂੰ ਭਗਤ ਨਾਮਦੇਵ ਜੀ



Digitized by Panjab Digital Library | www.panjabdigilib.org

(1270-1350) ਦਾ ਸਮਕਾਲੀ ਵੀ ਸਿੱਧ ਕਰਦੇ ਹਨ :

*ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥*

(ਪੰਨਾ-੯੭੨)

*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥*

(ਪੰਨਾ-੧੧੦੬)

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥*

(ਪੰਨਾ-੧੩੭੫)

*ਨਾਮਾ ਕਹੈ ਤ੍ਰਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*

(ਪੰਨਾ-੧੩੭੬)

(iv) ਭਟ ਸਾਹਿਬਾਨ (ਪਹਿਲੇ ਪੰਜ) ਗੁਰੂ ਸਾਹਿਬਾਨਾਂ ਤੇ ਹੋਰ ਭਗਤਾਂ ਸਮੇਤ ਤ੍ਰਿਲੋਚਨ ਜੀ ਨੂੰ ਆਤਮਿਕ ਪਧਰ ਉੱਤੇ ਹੀ ਚਿਤਰਦੇ ਹਨ :

*ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ॥*
*ਜੋਗ ਧਿਆਨਿ ਗੁਰੁ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ॥*

(ਪੰਨਾ-੧੩੯੦)

*ਊਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥*
*ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥*

(ਪੰਨਾ-੧੩੯੩)

*ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ॥*
*ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ਹ ਜਾਣੀ ਜੁਗਤਿ॥*

(ਪੰਨਾ-੧੩੯੪)

*ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ॥*
*ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ॥*

(ਪੰਨਾ-੧੪੦੫)

*ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜ੍ਯੌ ਜੁ ਪ੍ਰਗਾਸੁ॥*

(ਪੰਨਾ-੧੪੦੬)

ਗੁਰਬਾਣੀ ਦੇ ਉਪਰੋਕਤ ਹਵਾਲਿਆਂ ਵਿਚ ਭਗਤ ਜੀ ਦੇ ਜੀਵਨ/ਵਿਅਕਤਿਤ੍ਵ ਸਬੰਧੀ ਹੇਠ ਲਿਖੇ ਤਥ ਸਾਹਮਣੇ ਆਉਂਦੇ ਹਨ :

(1) ਭਗਤ ਜੀ ਉਚ-ਆਤਮਿਕ ਅਵਸਥਾ ਦੇ ਮਾਲਕ ਸਨ। ਇਹ ਅਵਸਥਾ ਉਨ੍ਹਾਂ ਨੂੰ ਨਾਮ ਸਿਮਰਨ, ਹਰਿ ਕੀਰਤਨ, ਸੇਵਾ, ਗੁਰ-ਗਿਆਨ ਅਤੇ ਸਚੀ ਕਿਰਤ ਕਰਕੇ



Digitized by Panjab Digital Library | www.panjabdigilib.org

ਪ੍ਰਾਪਤ ਹੋਈ।

(2) ਭਗਤ ਤ੍ਰਿਲੋਚਨ ਜੀ, ਨ ਸਿਰਫ਼ ਭਗਤ ਨਾਮਦੇਵ ਜੀ ਦੇ ਸਮਕਾਲੀ ਸਨ, ਬਲਕਿ ਇਨ੍ਹਾਂ ਦਾ ਆਪਸ ਵਿਚ ਵਿਚਾਰ-ਵਟਾਂਦਰਾ (ਗੋਸ਼ਟਿ) ਵੀ ਹੁੰਦਾ ਰਹਿੰਦਾ ਸੀ।

(3) ਗੁਰੂ ਰਾਮਦਾਸ ਜੀ ਨੇ ਤਾਂ ਅਸਿਧੇ ਤੌਰ ਤੇ ਇਨ੍ਹਾਂ ਦੀ 'ਅਉਜਾਤਿ' ਵਲ ਵੀ ਸੰਕੇਤ ਕਰ ਦਿਤਾ ਹੈ, ਭਾਵ ਉਹ ਪ੍ਰਚਲਿਤ ਧਾਰਨਾ ਅਨੁਸਾਰ ਜਾਤੀ ਦੇ 'ਬ੍ਰਾਹਮਣ' ਨਹੀਂ

(ਅ) ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਭਾਵੇਂ ਗੁਰਬਾਣੀ ਵਾਂਗ ਭਗਤ ਤ੍ਰਿਲੋਚਨ ਜੀ ਦਾ ਆਤਮਿਕ ਸਰੂਪ ਹੀ ਚਿਤਰਿਆ ਹੈ, ਪਰ ਇਤਿਹਾਸਕ ਦ੍ਰਿਸ਼ਟੀ ਤੋਂ ਵਾਧਾ ਇਹ ਕੀਤਾ ਹੈ ਕਿ ਭਾਈ ਸਾਹਿਬ, ਭਗਤ ਜੀ ਦਾ ਵਿਵਹਾਰਿਕ ਜੀਵਨ ਵੀ ਚਿਤਰਦੇ ਹਨ ਅਤੇ ਪ੍ਰਚਲਿਤ ਰੂਪ ਵਿਚ ਤ੍ਰਿਲੋਚਨ ਤੇ ਨਾਮਦੇਵ ਵਿਚਲੀ 'ਗੁਰੂ ਸ਼ਿਸ਼ ਜਾਂ ਸ਼ਿਸ਼ ਗੁਰੂ' ਧਾਰਨਾ ਨੂੰ ਛਡ ਕੇ ਮਿਤਰਭਾਵੀ ਆਧਾਰ ਵੀ ਸੰਕੇਤ ਦੇ ਹਨ :

*ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨ ਆਵੈ॥*
*ਭਗਤਿ ਕਰਨਿ ਮਿਲਿ ਦੁਇ ਜਣੇ ਨਾਮ ਦੇਉ ਹਰਿ ਚਲਿਤੁ ਸੁਣਾਵੈ॥*
*ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾ ਜੇ ਤਿਸੁ ਭਾਵੈ॥*
*ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ॥*
*ਹਸਿ ਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ॥*
*ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ॥*
*ਹਉ ਅਧੀਨ ਹਾ ਭਗਤ ਦੇ ਪਹੁੰਚਿ ਨ ਹੰਘਾ ਭਗਤੀ ਦਾਵੈ॥*
*ਇਹੋ ਵਿਚੋਲਾ ਆਣਿ ਮਿਲਾਵੈ॥*

(ਵਾਰ ੧੦/ਪਉੜੀ ੧੨)

ਭਗਤ ਤ੍ਰਿਲੋਚਨ ਜੀ ਹੋਰ ਭਗਤਾਂ ਵਾਂਗ 'ਸਾਧ ਸੰਗਤਿ ਗੁਰੁ ਸਰਨੀ' ਆ ਕੇ ਆਤਮਿਕ ਜੀਵਨ ਦਾ ਸੁਖਫਲ ਪ੍ਰਾਪਤ ਕਰਦੇ ਹਨ :

*ਗੁਰਮੁਖਿ ਸੁਖ ਫਲੁ ਪਾਇਆ ਸਾਧ ਸੰਗਤਿ ਗੁਰ ਸਰਣੀ ਆਏ॥*
*ਬੇਣੁ ਤਿਲੋਚਨੁ ਨਾਮਦੇਵ ਧੰਨਾ ਸਧਨਾ ਭਗਤ ਸਦਾਏ॥*
*ਹਉਮੈ ਮਾਰੀ ਪ੍ਰਗਟੀ ਆਏ॥*

(ਵਾਰ ੨੩/ਪਉੜੀ ੧੫)

(ੲ) ਗੁਰਬਾਣੀ ਅਤੇ ਭਾਈ ਗੁਰਦਾਸ ਜੀ ਤੋਂ ਬਿਨ੍ਹਾਂ ਮੁਢਲੀਆਂ 17ਵੀ-18ਵੀਂ ਸਦੀ ਦੀਆਂ ਲਿਖਤਾਂ ਵਿਚ ਭਗਤ ਜੀ ਦੀ ਜਾਤਿ, ਜਨਮ, ਸਮਾਂ ਆਦਿ ਬਾਰੇ ਕਿਤੇ-ਕਿਤੇ ਸੰਕੇਤ ਮਿਲਦੇ ਹਨ :

(i) ਪੋਥੀ 'ਪ੍ਰੇਮ-ਅਬੋਧ' ਅਨੁਸਾਰ ਭਗਤ ਜੀ ਦਾ ਜਨਮ ਸੰਮਤ 1324 (1268 ਈ) ਨੂੰ ਹੋਇਆ ਅਤੇ ਇਹ ਜਾਤੀ ਦੇ ਬ੍ਰਾਹਮਣ ਸਨ। ਪੋਥੀ ਵਿਚ ਦਿਤੀ 'ਪਰਚੀ ਤ੍ਰਿਲੋਚਨ ਜੀ ਕੀ' ਅਨੁਸਾਰ ਧੰਨੇ ਭਗਤ ਨੂੰ ਇਨ੍ਹਾਂ ਨੇ ਹੀ 'ਠਾਕੁਰ' (ਪਥਰ) ਪੂਜਣ ਲਈ ਦਿਤਾ ਸੀ। *1* ਭਗਤ ਜੀ ਦੀ ਜਾਤਿ ਦੇ 'ਬਿਪ੍ਰ' (ਬ੍ਰਹਮਣ) ਹੋਣ ਦਾ ਇਸ਼ਾਰਾ 'ਸੂਰਜ ਪ੍ਰਕਾਸ਼' ਦੇ ਕਰਤਾ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਵੀ ਕਰਦੇ ਹਨ :

*ਭੀਖਨ ਧੰਨਾ ਅਰੁ ਜੈ ਦੇਵ॥*



Digitized by Panjab Digital Library | www.panjabdigilib.org

*ਬਿਪ੍ਰ ਤ੍ਰਿਲੋਚਨ ਸ੍ਰੀ ਗੁਰਦੇਵ॥* [2]

ਸੋਢੀ ਮਿਹਰਵਾਨ ਨੇ ਭਗਤ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਸਮਕਾਲੀ ਦਰਸਾਇਆ ਹੈ। ਉਹ ਭਗਤ ਨਾਮਦੇਵ, ਜੈਦੇਵ, ਕੰਬੀਰੁ ਤੇ ਤ੍ਰਿਲੋਚਨ ਆਦਿ ਭਗਤਾਂ ਦੀ ਗੁਰੂ ਸਾਹਿਬ ਨਾਲ 'ਗੋਸ਼ਟਿ' ਕਰਵਾਉਂਦੇ ਹਨ :

*ਤਬ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥਿ ਸਭ ਭਗਤ ਮਿਲੈ*

*ਮਿਲਿ ਕਰਿ ਮਿਲਨੈ ਆਇ-ਨਾਮਾ,*

*ਜੈਦੇਉ, ਕੰਬੀਰੁ, ਤਿਲੋਚਨੁ, ਰਵਿਦਾਸ, ਸੈਨ...*[3]

ਕਿਸੇ ਵੀ ਸਮਕਾਲੀ/ਗੈਰ-ਸਮਕਾਲੀ ਸ੍ਰੋਤ ਤੋਂ ਭਗਤ ਜੀ ਦੇ, ਗੁਰੂ ਨਾਨਕ ਸਾਹਿਬ ਦੇ ਸਮਕਾਲੀ ਹੋਣ ਦੀ ਗਵਾਹੀ ਪ੍ਰਮਾਣਿਕ ਰੂਪ ਵਿਚ ਉਪਲਬਧ ਨਹੀਂ। ਮਹਤਵਪੂਰਨ ਗਲ[4] ਇਹ ਹੈ ਕਿ ਸੋਢੀ ਮਿਹਰਵਾਨ ਦੀ ਜਨਮਸਾਖੀ ਅਨੁਸਾਰ ਸਾਰੇ ਭਗਤ 'ਸਚਖੰਡਿ' ਤੋਂ ਆਕੇ ਗੁਰੂ ਸਾਹਿਬ ਨਾਲ 'ਗੋਸ਼ਟਿ' ਕਰਦੇ ਹਨ। ਗਿ. ਗਿਆਨ ਸਿੰਘ ਜੀ ਨੇ 'ਤਵਾਰੀਖ਼ ਗੁਰੂ ਖਾਲਸਾ' ਵਿਚ ਥੋੜ੍ਹਾ ਬਦਲਵੇਂ ਰੂਪ ਵਿਚ ਮਿਹਰਵਾਨ ਵਾਲੀ ਗਲ ਨੂੰ ਹੀ ਦੁਹਰਾਇਆ ਹੈ।

(ii) 'ਪ੍ਰੇਮ ਅਬੋਧ', 'ਸੂਰਜ ਪ੍ਰਕਾਸ਼' ਆਦਿ ਗ੍ਰੰਥਾਂ ਵਿਚ ਭਗਤ ਜੀ ਦੀ ਜਾਤਿ ਨੂੰ 'ਬ੍ਰਹਮਣ' ਕਿਹਾ ਗਿਆ ਹੈ ਅਤੇ ਆਮ ਪ੍ਰਚਲਿਤ ਧਾਰਨਾ ਵੀ ਇਹੀ ਹੈ। ਆਧੁਨਿਕ ਵਿਦਵਾਨਾਂ ਵਿਚੋਂ ਬਹੁਤਿਆਂ ਨੇ ਇਨ੍ਹਾਂ ਗ੍ਰੰਥਾਂ ਦੇ ਆਧਾਰ ਉਤੇ ਭਗਤ ਜੀ ਨੂੰ 'ਬ੍ਰਾਹਮਣ' ਮੰਨਿਆ ਹੈ।[5] ਗਿ. ਗੁਰਦਿਤ ਸਿੰਘ ਜੀ ਗਿ. ਗਿਆਨ ਸਿੰਘ, ਮਿਹਰਵਾਨ ਆਦਿਕ ਦੇ ਹਵਾਲੇ ਅਤੇ ਗੁਰਬਾਣੀ ਦੀ ਬੋਲੀ-ਸ਼ੈਲੀ ਦੇ ਆਧਾਰ ਉਤੇ ਇਨ੍ਹਾਂ ਨੂੰ ਗੁਰੂ ਸਾਹਿਬ ਦਾ ਸਮਕਾਲੀ ਮੰਨਦੇ ਹਨ।'[6]

ਪਰੰਤੂ ਇਹ ਧਾਰਨਾਵਾਂ ਨਿਰਮੂਲ ਹਨ, ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਗੁਰੂ ਰਾਮ ਦਾਸ ਜੀ ਇਨ੍ਹਾਂ ਨੂੰ 'ਬ੍ਰਹਮਣ' ਨਹੀਂ ਮੰਨਦੇ, ਇਸੇ ਤਰ੍ਹਾਂ ਹੋਰ ਵੀ ਹਵਾਲੇ ਸਾਡੀ ਇਸ ਧਾਰਨਾ ਦੀ ਪੁਸ਼ਟੀ ਕਰਦੇ ਹਨ :

(iii) ਭਾਈ ਦਰਬਾਰੀ ਦਾਸ ਰਚਿਤ 'ਪਰਚੀਆਂ ਭਗਤਾਂ ਦੀਆਂ' ਵਿਚ 'ਪਰਚੀ ਤਿਰਲੋਚਨ ਭਗਤ ਕੀ' ਵਿਚ ਭਗਤ ਜੀ ਦੀ ਜਾਤਿ ਨੂੰ 'ਕਾਇਥ' ਕਰਕੇ ਲਿਖਿਆ ਹੈ। ਰਚੈਤਾ ਦਾ ਕਹਿਣਾ ਹੈ ਕਿ ਭਗਤ ਜੀ ਦਾ ਪਹਿਲਾ ਨਾਂ 'ਤਿਲੋਕਾ' ਸੀ ਅਤੇ ਇਹ (ਬ੍ਰਹਮ ਗਿਆਨ ਦਾ) 'ਤੀਜਾ ਨੇਤਰ' ਪਾ ਕੇ 'ਤ੍ਰਿਲੋਚਨ' ਬਣਿਆ ਹੈ :

*ਕਾਇਥ ਕੈ ਘਰ ਜਨਮੁ ਪਠਾਯਾ*

*ਨਾਮ ਤਿਲੋਕਾ ਫੇਰਿ ਧਰਾਯਾ॥*

*ਤਿਲੋਕਾ ਤ੍ਰਿਲੋਚਨ ਭਯਾ ਤੀਜਾ ਲੋਚਨੁ ਪਾਇ॥*

*ਪ੍ਰੀਤਿ ਲਗੀ ਜਗਦੀਸ ਸੌ ਅਨਿਦਿਨੁ ਹਰਿਗੁਣ ਗਾਇ॥* [7]

"ਕਾਇਸਥ ਇਕ ਜਾਤਿ ਜੋ ਸ਼ੂਦਰ ਪਤਨੀ ਅਤੇ ਸ਼ਤ੍ਰੀ ਪਿਤਾ ਦੇ ਸੰਜੋਗ ਤੋਂ ਜਨਮੀ"[9] 'ਸ੍ਰੀ ਗੁਰ ਭਗਤਮਾਲਾ"[8] ਵਿਚ ਸਪਸ਼ਟ ਰੂਪ ਵਿਚ ਦੋ ਤ੍ਰਿਲੋਚਨਾਂ ਦਾ ਜ਼ਿਕਰ ਹੈ। ਇਕ ਤ੍ਰਿਲੋਚਨ ਉਹ ਹੈ, ਜਿਸਨੇ ਭਗਤ ਧੰਨੇ ਜੀ ਨੂੰ ਠਾਕੁਰ (ਪਥਰ) ਪੂਜਣ ਵਾਸਤੇ ਦਿਤਾ ਅਤੇ ਦੂਸਰੇ ਤ੍ਰਿਲੋਚਨ ਜੀ ਉਹ ਹਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹ ਬਾਣੀਆ'[10] ਜਾਤਿ ਦੇ ਸਨ।

'ਗੁਰਬਿਲਾਸ ਪਾਤਸ਼ਾਹੀ ੬ਵੀਂ' ਦਾ ਕਰਤਾ ਭਾਈ ਭਗਤ ਸਿੰਘ ਜਿਥੋਂ ਭਗਤ ਜੀ



Digitized by Panjab Digital Library | www.panjabdigilib.org

ਦੀ ਆਤਮਿਕ ਉਚਤਾ ਨੂੰ ਚਿਤਰਦਾ ਹੈ, ਉੱਥੇ ਉਨ੍ਹਾਂ ਦੀਆ 'ਮਧਮ' ਜਾਤਿ ਦਾ ਸੰਕੇਤ ਵੀ ਅਚੇਤ ਹੀ ਕਰ ਜਾਂਦਾ ਹੈ :

*ਭਗਤਿ ਬੰਦਗੀ ਏਕ ਹੈ ਜਿਹ ਗੁਰ ਭਰਮ ਨਿਵਾਰ।*
*ਪਾਰਬ੍ਰਹਮ ਅਲਾਹ ਕਾ ਏਕ ਰੂਪ ਰਿਦਿ ਧਾਰਿ।*
*ਕਬੀਰ ਤ੍ਰਿਲੋਚਨ ਜੈਸ ਤਨ ਉਤਮ ਮਧਮ ਗਾਇ।*
*ਵਾਸੁਵ ਰੂਪ ਸੁ ਏਕ ਹੈ ਸੁਤੇ ਬੇਦ ਅਸ ਗਾਇ।* [11]

'ਗੋਸ਼ਟਿ ਸ੍ਰੀ ਨਾਮੇ ਤਿਲੋਚਨ ਕੀ' ਵਿਚ ਭਗਤ ਤ੍ਰਿਲੋਚਨ ਜੀ ਦੇ ਜਨਮ, ਜਾਤਿ ਆਦਿ ਬਾਰੇ ਤਾਂ ਕੋਈ ਸੰਕੇਤ ਨਹੀਂ, ਪਰੰਤੂ ਇਸ ਵਿਚ ਨਾਮਦੇਵ ਜੀ ਨੂੰ ਤ੍ਰਿਲੋਚਨ ਜੀ ਦਾ 'ਗੁਰੂ' ਦਰਸਾਇਆ ਗਿਆ ਹੈ। ਤ੍ਰਿਲੋਚਨ ਜੀ ਇਹ ਜਾਣਨ ਦੀ ਇਛਾ ਨਾਲ ਭਗਤ ਨਾਮਦੇਵ ਜੀ ਕੋਲ ਆਉਂਦੇ ਹਨ ਕਿ ਨਾਮਦੇਵ ਜੀ ਨੇ ਕਿਸ ਤਰ੍ਹਾਂ ਪਰਮਾਤਮਾ ਨੂੰ ਪ੍ਰਾਪਤ ਕੀਤਾ ਹੈ। ਭਗਤ ਨਾਮਦੇਵ ਜੀ ਨਾਲ ਇਨ੍ਹਾਂ ਦੀ ਲੰਮੀ 'ਗੋਸ਼ਟਿ' ਕਰਵਾਈ ਗਈ ਹੈ :

*ਮੇਰੇ ਗੁਰ ਕਉ ਪਣਮੇਸਰੁ ਸਾਵਧਾਨੁ ਮਿਲਤਾ ਹੈ ਅਰੁ ਮੈ*
*ਦਰਸਨੁ ਨਾਹੀ ਦੇਖਾ ਠਾਕੁਰ ਜੀ ਕਸਿ ਮੈ ਨਿਹਭਾਗੁ ਹਉ॥*
*ਚਾਹੀਐ ਕਿ ਮੈ ਆਪਨੇ ਗੁਰੂ ਪਹਿ ਜਾਉ॥ ਜਾਇ ਕਰਿ ਬੇਨਤੀ ਕਰਉ*
*ਗੁਰੂ ਪਹਿ ਜਿ ਗੁਰੂ ਜੀ ਮੇਰੇ ਤਾਈ ਠਾਕੁਰ ਜੀ ਕਾ ਦਰਸਨੁ ਦਿਖਾਉ।* [12]

(ਸ) ਆਧੁਨਿਕ ਵਿਦਵਾਨਾਂ ਵਿਚੋਂ ਥੋੜੀ ਵਿਸਤਾਰ ਸਹਿਤ ਜਾਣਕਾਰੀ ਮੁਢਲੇ ਰੂਪ ਵਿਚ ਮਿ. ਮੈਕਾਲਫ਼[13] ਤੇ ਭਾਈ ਕਾਨ੍ਹ ਸਿੰਘ ਨਾਭਾ[14] ਜੀ ਨੇ ਦਿਤੀ ਹੈ। ਮਿ. ਮੈਕਾਲਫ਼ ਨੇ ਇਕ ਸਾਧੂ Jankibar Saram of Ajudhia ਤੋਂ ਮੌਖਿਕ ਰੂਪ ਵਿਚ ਇਹ ਜਾਣਕਾਰੀ ਲਈ। ਇਨ੍ਹਾਂ ਅਨੁਸਾਰ ਭਗਤ ਜੀ ਦਾ ਜਨਮ 1267 ਈ. ਵਿਚ ਪੰਡਰਪੁਰ ਦੇ ਨੇੜੇ ਬਾਰਸੀ, ਜਿਲ੍ਹਾ ਸੋਲਾਪੁਰ (ਮਹਾਂਰਾਸ਼ਟਰ) ਵਿਚ ਹੋਇਆ, ਇਹ ਵੈਸ਼ ਜਾਤੀ ਦੇ ਸਨ ਅਤੇ ਇਨ੍ਹਾਂ ਦਾ ਭਗਤ ਨਾਮਦੇਵ ਜੀ ਨਾਲ ਮੇਲ-ਮਿਲਾਪ ਰਿਹਾ। ਭਾਈ ਕਾਨ੍ਹ ਸਿੰਘ ਦੀ ਬਾਕੀ ਜਾਣਕਾਰੀ ਤਾਂ ਮਿ. ਮੈਕਾਲਿਫ਼ ਨਾਲ ਮਿਲਦੀ ਹੈ, ਸਿਰਫ਼ ਭਾਈ ਸਾਹਿਬ ਜਨਮ ਤਿਥੀ ਸੰਮਤ 1325 (1268 ਈ.) ਮੰਨਦੇ ਹਨ।

ਭਗਤ ਜੀ ਦੇ ਸਬੰਧ ਵਿਚ ਕੰਮ ਕਰਨ ਵਾਲੇ ਵਿਦਵਾਨ ਡਾ. ਸੁਰਿੰਦਰ ਸਿੰਘ ਕੋਹਲੀ[15], ਡਾ. ਤਾਰਨ ਸਿੰਘ[16], ਡਾ. ਰਤਨ ਸਿੰਘ ਜੱਗੀ[17], ਭਾਈ ਜੋਧ ਸਿੰਘ[18], Encyclopaedia of Sikhism,[19] ਸ਼ਬਦਾਰਥ[20] ਆਦਿ ਦੇ ਵਿਚਾਰ ਲਗਪਗ ਮਿ. ਮੈਕਾਲਫ਼ ਤੇ ਭਾਈ ਨਾਭਾ ਜੀ ਵਾਲੇ ਹੀ ਹਨ, ਕੇਵਲ ਭਗਤ ਜੀ ਦੀ ਜਾਤੀ ਜਾਂ ਵਿਚਾਰਧਾਰਾ ਦੇ ਸਬੰਧ ਵਿਚ ਥੋੜੀ ਭਿੰਨਤਾ ਹੈ।

ਪ੍ਰੋ. ਪਿਆਰਾ ਸਿੰਘ ਪਦਮ[21] ਇਨ੍ਹਾਂ ਦੀ ਬਾਣੀ ਵਿਚਲੇ ਇਲਾਕਾਈ ਰੰਗਣ ਤੇ ਬੋਲੀ ਦੀ ਪ੍ਰਾਚੀਨਤਾ ਦੇ ਆਧਾਰ 'ਤੇ ਭਗਤ ਜੀ ਨੂੰ 14ਵੀਂ ਸਦੀ ਦਾ ਹੋਣਾ ਮੰਨਦੇ ਹਨ। ਪ੍ਰੋ. ਪਦਮ ਅਨੁਸਾਰ ਇਨ੍ਹਾਂ ਦੀ ਜਾਤੀ ਵੈਸ਼ ਸੀ। ਗਿ. ਪ੍ਰਤਾਪ ਸਿੰਘ[22] ਜਿੱਥੇ ਭਗਤ ਜੀ ਨੂੰ 'ਵੈਸ਼' ਮੰਨਦੇ ਹਨ, ਉੱਥੇ ਗਿਆਨਦੇਵ ਨੂੰ ਇਨ੍ਹਾਂ ਦਾ ਗੁਰੂ ਸਵੀਕਾਰਦੇ ਹਨ। ਡਾ. ਧਰਮਪਾਲ ਸਿੰਗਲਾ[23] ਨੇ ਡਾ. ਗੋਬਿੰਦ ਤ੍ਰਿਗੁਣਾਇਤ, ਡਾ. ਰਾਮਕੁਮਾਰ ਵਰਮਾ, ਡਾ. ਪਰਸ਼ੂਰਾਮ ਚਤੁਰਵੇਦੀ ਆਦਿ ਦੀਆਂ ਲਿਖ਼ਤਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਸਿਟਾ ਕਢਿਆ ਹੈ ਕਿ ਭਗਤ ਤ੍ਰਿਲੋਚਨ ਜੀ ਦੋ ਹਨ, ਇਕ ਜਿਸ ਨੇ ਧੰਨਾ ਭਗਤ ਜੀ ਨੂੰ ਪਥਰ (ਠਾਕੁਰ) ਦਿਤਾ ਅਤੇ ਦੂਸਰੇ ਮਹਾਂਰਾਸ਼ਟਰ ਦੇ



Digitized by Panjab Digital Library | www.panjabdigilib.org

'ਵੈਸ਼ਯ', ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਵਿਦਵਾਨ ਅਕਸਰ ਇਨ੍ਹਾਂ ਨੂੰ ਆਪਸ ਵਿਚ ਰਲਗਡ ਕਰਦੇ ਹਨ।

### *1.2 ਭਗਤ ਜੀ ਦਾ ਜੀਵਨ/ਵਿਅਕਤਿਤ੍ਵ: ਭਾਵਨਾ ਮੂਲਿਕ ਸ੍ਰੋਤ ਦੇ ਆਧਾਰ 'ਤੇ (Based on Hagiographic Facts)*

ਪੂਰੇ ਸੰਸਾਰ ਦੇ ਪੁਰਾਤਨ ਤਥਾਂ, ਮਧਕਾਲੀਨ ਦੇ ਸੰਤਾਂ-ਭਗਤਾਂ ਨਾਲ ਅਨੇਕਾਂ ਵਾਰਤਾਵਾਂ ਜੁੜੀਆਂ ਹੋਈਆਂ ਹਨ, ਇਨ੍ਹਾਂ ਕਥਾ-ਕਹਾਣੀਆਂ ਨੂੰ 'ਲੋਕ-ਸਿਮ੍ਰਤੀ' ਜਿਥੇ ਸਾਂਭ ਕੇ ਰਖਦੀ ਹੈ, ਉਥੇ ਪੀੜ੍ਹੀਓਂ-ਪੀੜ੍ਹੀ ਇਸ ਦੇ ਸਰੂਪ ਵਿਚ ਅਦਲਾ-ਬਦਲੀ ਵੀ ਕਰਦੀ ਰਹਿੰਦੀ ਹੈ, ਇਸ ਨਾਲ ਭਾਵੇਂ ਇਨ੍ਹਾਂ ਕਥਾ-ਕਹਾਣੀਆਂ ਦੇ ਅਸਲ ਰੂਪ ਤਾਂ ਲਾਂਭੇ ਹੋ ਗਏ ਹਨ, ਪਰ ਫਿਰ ਵੀ ਇਨ੍ਹਾਂ ਵਿਚ ਮੂਲ-ਸੁਰ ਕਿਤੇ ਨ ਕਿਤੇ ਜੀਵੰਤ ਰਹਿੰਦੀ ਹੈ। ਆਧੁਨਿਕ ਇਤਿਹਾਸਕਾਰੀ ਨੇ 'ਲੋਕ-ਸਿਮ੍ਰਤੀ' ਨੂੰ ਇਤਿਹਾਸ ਦੇ 'ਗੁਹਜ਼ ਤੱਥ' (Mystic Facts) ਪ੍ਰਵਾਨ ਕੀਤਾ ਹੈ, ਇਨ੍ਹਾਂ 'ਤੱਥਾਂ' ਵਿਚੋਂ ਸਬੰਧਿਤ ਨਾਇਕ ਦੇ ਵਿਅਕਤਿਤ੍ਵ ਨੂੰ ਉਸਾਰਨ ਵਿਚ ਸਹਾਇਤਾ ਮਿਲਦੀ ਹੈ।

ਭਗਤ ਤ੍ਰਿਲੋਚਨ ਜੀ ਨਾਲ ਦੋ ਕਹਾਣੀਨੁਮਾ ਵਾਰਤਾਵਾਂ ਪ੍ਰਮੁਖ ਉਤੇ ਜੁੜੀਆਂ ਹੋਈਆਂ ਹਨ। ਇਨ੍ਹਾਂ ਦਾ ਜ਼ਿਕਰ ਲਗਪਗ ਸਭ ਨਵੇਂ/ਪੁਰਾਣੇ ਸਜਣਾਂ ਦੀਆਂ ਲਿਖ਼ਤਾਂ ਵਿਚ ਮਿਲ ਜਾਂਦਾ ਹੈ। ਇਥੇ ਇਨ੍ਹਾਂ ਦੋਨ੍ਹੋਂ ਕਹਾਣੀਆਂ ਦਾ ਅਤਿ ਸੰਖੇਪ ਦਿਤਾ ਜਾਂਦਾ ਹੈ।[24]

(ੳ) ਪਹਿਲੀ ਕਹਾਣੀ : ਭਗਤ ਜੀ ਦੇ ਘਰ ਲੰਗਰ-ਪਾਣੀ ਛਕਣ ਤੇ ਹੋਰ ਲੋੜਵੰਦ ਗਰੀਬ-ਗੁਰਬਿਆਂ ਦਾ ਤਾਂਤਾ ਲਗਿਆ ਰਹਿੰਦਾ ਸੀ। ਸੇਵਾ ਵਿਚ ਹਥ ਵਟਾਉਣ ਦੀ ਖ਼ਾਤਿਰ ਭਗਤ ਜੀ ਨੇ ਆਪਣੀ ਸੁਪਤਨੀ ਦੇ ਕਹਿਣ 'ਤੇ ਇਕ 'ਅੰਤਰਜਾਮੀ' ਨਾਂ ਦਾ ਨੌਕਰ ਰਖ ਲਿਆ। ਅੰਤਰਜਾਮੀ ਇਕ ਚੰਗਾ, ਸਾਊ, ਇਮਾਨਦਾਰ ਤੇ ਕਾਮਾ ਨੌਕਰ ਸੀ, ਪਰ ਰਤਾ ਪਰਸ਼ਾਦੇ ਜ਼ਿਆਦਾ ਛਕਦਾ ਸੀ। ਆਏ ਗਏ ਦੀ ਸੇਵਾ ਟਹਿਲ ਕਰਨ ਦੇ ਨਾਲ-ਨਾਲ ਉਹ ਪ੍ਰਭੂ ਭਗਤੀ ਵੀ ਕਰਦਾ। ਇਸ ਤਰ੍ਹਾਂ ਸੇਵਾ ਕਰਦਿਆਂ ਤੇਰ੍ਹਾਂ ਮਹੀਨੇ ਬੀਤ ਗਏ।

ਇਕ ਦਿਨ ਅੰਤਰਜਾਮੀ ਨੇ ਆਪਣੀ ਮਾਲਕਣ (ਭਗਤ ਜੀ ਦੀ ਸੁਪਤਨੀ) ਦੇ ਮੂੰਹੋਂ ਗੁਆਂਢਣ ਨੂੰ ਇਹ ਕਹਿੰਦਿਆਂ ਸੁਣ ਲਿਆ ਕਿ 'ਕੰਮ ਤਾਂ ਬਥੇਰਾ ਕਰਦੈ ਪਰ ਰੋਟੀਆਂ ਨਾਲ ਰਜਦਾ ਈ ਨੀ। ਸਾਡਾ ਤਾਂ ਘਰ ਹੀ ਉਜੜ ਜਾਇਗਾ।' ਇਹ ਗਲ ਸੁਣਨ ਤੋਂ ਬਾਅਦ ਨੌਕਰ ਘਰ ਛਡ ਕੇ ਚਲਾ ਗਿਆ। ਜਦ ਤ੍ਰਿਲੋਚਨ ਜੀ ਨੂੰ ਪਤਾ ਲਗਿਆ ਤਾਂ ਬੜੇ ਉਦਾਸ ਹੋਏੇ, ਪਰ ਹੁਣ ਕੁਝ ਨਹੀਂ ਹੋ ਸਕਦਾ ਸੀ।

ਬਾਅਦ ਵਿਚ ਭਗਤ ਜੀ ਨੂੰ (ਅਕਾਸ਼ਬਾਣੀ ਹੋਣ 'ਤੇ) ਪਤਾ ਲਗਦਾ ਹੈ ਕਿ ਉਹ 'ਅੰਤਰਜਾਮੀ' (ਨੌਕਰ) ਪ੍ਰਭੂ ਹੀ ਸੀ।

(ਅ) ਦੂਜੀ ਕਹਾਣੀ ਦਾ ਸੰਖੇਪ ਇਉਂ ਹੈ-ਭਗਤ ਤ੍ਰਿਲੋਚਨ ਜੀ ਨੂੰ ਜਦੋਂ ਇਸ ਗੱਲ ਦਾ ਪਤਾ ਲਗਿਆ ਕਿ ਨਾਮਦੇਵ ਜੀ ਬ੍ਰਹਮ ਗਿਆਨੀ ਹਨ ਤਾਂ ਆ ਹਾਜ਼ਰ ਹੋਏ। ਆ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ 'ਠਾਕੁਰ' ਪਰਮਾਤਮਾ ਜੀ ਦੇ ਦਰਸ਼ਨ ਕਰਵਾਏ ਜਾਣ। ਭਗਤ ਨਾਮਦੇਵ ਜੀ ਉਨ੍ਹਾਂ ਨੂੰ ਵਾਰੀ-ਵਾਰੀ ਬਾਹਰ ਵਲ ਭੇਜਦੇ ਹਨ ਕਿ ਜਾਓ ਅਜ ਠਾਕੁਰ ਜੀ ਤੁਹਾਨੂੰ ਮਿਲਣਗੇ। ਤ੍ਰਿਲੋਚਨ ਜੀ ਨੂੰ ਕਦੇ ਘੋੜਿਆਂ ਦੀ ਸੇਵਾ ਕਰ ਰਿਹਾ (ਖਰਖਰਾ ਫੇਰਦਾ) ਆਦਮੀ ਮਿਲਦਾ ਹੈ, ਕਦੇ ਮੱਝਾਂ ਨੂੰ ਪਾਣੀ ਪਿਲਾਉਣ ਵਾਲਾ, ਕਦੇ ਸੁਆਨੁ (ਕੁੱਤਾ), ਕਦੇ-ਕੋਈ, ਕਦੇ-ਕੋਈ ਮਿਲਦੇ ਹਨ। ਤ੍ਰਿਲੋਚਨ ਜੀ ਦੇ ਇਹ 'ਰਹਸ' ਸਮਝ ਨਹੀਂ ਆਉਂਦਾ। ਉਹ ਹਰੇਕ ਵਾਰ 'ਖਾਲੀ ਹਥ' ਆ ਕੇ ਨਾਮਦੇਵ ਜੀ ਕੋਲ ਸ਼ੰਕਾ ਪ੍ਰਗਟ ਕਰਦੇ ਹਨ। ਕਈ ਦਿਨਾਂ ਤੋਂ



Digitized by Panjab Digital Library | www.panjabdigilib.org

ਨਾਮਦੇਵ ਜੀ ਕੋਲ ਰਹਿੰਦਿਆਂ ਤ੍ਰਿਲੋਚਨ ਜੀ ਇਹ ਵੀ ਦੇਖਦੇ ਹਨ ਕਿ ਨਾਮਦੇਵ ਜੀ ਤਾਂ ਸਾਰਾ ਦਿਨ 'ਜੰਜਾਲਾਂ' (ਘਰ ਦੇ ਕੰਮ-ਕਾਜ, ਖਾਸ ਕਰ ਖਡੀ ਦੇ ਕੰਮ 3 ਵਿਚ ਹੀ ਫਸੇ ਰਹਿੰਦੇ ਹਨ, ਪ੍ਰਭੂ ਭਗਤੀ ਲਈ ਕਿਥੋਂ ਸਮਾਂ ਕਢਦੇ ਨੇ? ਸ਼ੰਕਾ ਪ੍ਰਗਟਾਉਣ 'ਤੇ ਭਗਤ ਨਾਮਦੇਵ ਜੀ 'ਜੀਵਨ ਤਤ' (ਗੁਰਮਤਿ ਦੇ ਨਾਮ ਮਾਰਗ) ਦੀ ਸੋਝੀ ਦਿੰਦੇ ਹਨ, ਕਿ 'ਘਟਿ ਘਟਿ ਵਿਚ ਰਮੇ ਰਾਮ ਨੂੰ ਹੱਥਾਂ-ਪੈਰਾਂ ਨਾਲ ਕੰਮ ਕਰਕੇ ਅਤੇ ਚਿਤ ਨਾਲ ਚਿੰਤਨ ਕਰਕੇ ਹੀ ਪਾਇਆ ਜਾ ਸਕਦਾ ਹੈ।

**ਸਿਟਾ :** ਭਗਤ ਜੀ ਦੇ ਜੀਵਨ/ਵਿਅਕਤਿਤ੍ਵ ਸਬੰਧੀ ਮਿਲਦੇ ਦੋਨਾਂ ਕਿਸਮਾਂ ਦੇ ਸ੍ਰੋਤ (ਲਿਖਤਾਂ ਤੇ ਕਥਾ-ਕਹਾਣੀਆਂ) ਦੇ ਸੰਖੇਪ ਵਿਵਰਣ ਤੋਂ ਹੇਠ ਲਿਖੇ ਤਥ/ਸਿਟੇ ਸਾਹਮਣੇ ਆਉਂਦੇ ਹਨ।

(1) ਭਗਤ ਜੀ ਦਾ ਜਨਮ 1267 ਜਾਂ 1268 ਈ ਨੂੰ ਸ਼ੋਲਾਪੁਰ ਜ਼ਿਲ੍ਹੇ ਦੇ ਬਾਰਸੀ ਪਿੰਡ ਵਿਚ ਹੋਇਆ, ਯੂ.ਪੀ. ਵਿਚ ਇਨ੍ਹਾਂ ਦਾ ਆਉਣਾ ਜਾਣਾ ਰਿਹਾ।

(2) ਵਖੋ-ਵਖ ਲਿਖਤਾਂ ਵਿਚ ਭਗਤ ਨਾਮਦੇਵ ਜੀ ਨਾਲ ਇਨ੍ਹਾਂ ਦਾ ਸਬੰਧ, ਮਿਤਰ, ਗੁਰੂ ਅਤੇ ਚੇਲੇ ਦਾ ਪ੍ਰਗਟ ਹੁੰਦਾ ਹੈ, ਪਰ ਭਾਈ ਗੁਰਦਾਸ ਅਤੇ ਗੁਰਬਾਣੀ ਦੀ ਪ੍ਰਮਾਣਿਕ ਗਵਾਹੀ ਇਨ੍ਹਾਂ ਵਿਚ 'ਮਿਤਰਭਾਵੀ' ਸੰਕੇਤ ਕਰਦੀ ਹੈ, ਸੋ ਇਹ ਮਿਤਰ ਸਨ, ਗੁਰੂ ਜਾਂ ਚੇਲੇ ਦਾ ਰਿਸ਼ਤਾ ਨਹੀਂ ਸੀ।

(3). ਭਗਤ ਜੀ ਦਾ ਗਿਆਨਦੇਵ ਨੂੰ 'ਗੁਰੂ'[25] ਭਗਤ ਨਾਮਦੇਵ ਜੀ ਨਾਲ ਧਾਰਨ ਕਰਨ ਦੀ ਧਾਰਨਾ ਕੋਈ ਬਹੁਤੀ ਪਾਇਦਾਰ ਨਹੀਂ। ਭਾਈ ਗੁਰਦਾਸ, ਗੁਰਬਾਣੀ ਜਾਂ ਹੋਰ ਕਿਤੋਂ ਕੋਈ ਹਵਾਲਾ/ਸੰਕੇਤ ਉਪਲਬਧ ਨਹੀਂ ਹੈ। ਖੁਦ ਇਨ੍ਹਾਂ ਦੀ ਆਪਣੀ ਬਾਣੀ ਵਿਚੋਂ ਵੀ ਕੋਈ ਸੰਕੇਤ ਨਹੀਂ ਮਿਲਦਾ। ਅਸਲ ਵਿਚ ਭਗਤ ਨਾਮਦੇਵ ਜੀ ਦੀ ਸੰਗਤ ਕਰਕੇ ਇਨ੍ਹਾਂ ਨੂੰ 'ਅੰਦਰ ਸਮਾਇ' ਹੋਏ 'ਗੁਰੂ' ਦੀ ਸੋਝੀ ਹੁੰਦੀ ਹੈ।[26]

(4) ਭਗਤ ਜੀ ਜਾਤਿ ਸਬੰਧੀ ਮਿਲਦੇ ਅਕੱਟ ਹਵਾਲਿਆਂ ਦੇ ਆਧਾਰ ਉੱਤੇ ਇਨ੍ਹਾਂ ਨੂੰ 'ਬ੍ਰਹਮਣ' ਨਹੀਂ ਮੰਨਿਆ ਜਾ ਸਕਦਾ, ਇਹ ਭਾਰਤੀ ਵਰਣ ਵੰਡ ਦੁਆਰਾ ਦਰਸਾਈ ਨੀਵੀਂ ਜਾਤਿ ਦੇ ਸਨ, ਇਹ ਕਾਇਸਥ ਕੁਲ (ਖ਼ਾਨਦਾਨ) ਵਿਚੋਂ ਵੈਸ਼ ਜਾਤੀ ਮੰਨੀ ਜਾਂਦੀ ਹੈ।

(5) ਭਗਤ ਜੀ ਦੇ ਮਾਤਾ-ਪਿਤ੍ਰ, ਜੋਤੀ-ਜੋਤਿ ਸਮਾਉਣ, ਸਕੇ-ਸਬੰਧੀਆਂ ਆਦਿ ਬਾਰੇ ਕੁਝ ਪਤਾ ਨਹੀਂ ਲਗਦਾ।

(6) ਭਗਤ ਜੀ ਨਾਲ ਸੰਬੰਧਿਤ ਦੋ ਉਘੀਆਂ ਕਥਾਵਾਂ ਨੂੰ ਇਨ੍ਹਾਂ ਦੇ ਚਿੰਨ੍ਹਾਤਮਕ ਅਰਥਾਂ ਵਿਚ ਹੀ ਲੈਣਾ ਚਾਹੀਦਾ ਹੈ। 'ਅੰਤਰਜਾਮੀ' ਨੌਕਰ ਵਾਲੀ ਸਾਖੀ ਜਿਥੇ ਭਗਤ ਜੀ ਦੀ ਪਰਉਪਕਾਰੀ, ਸਚੀ ਸੁਚੀ, ਕਿਰਤੀ ਸਖ਼ਸ਼ੀਅਤ ਦੀ ਦੱਸ ਪਾਉਂਦੀ ਹੈ, ਉਥੇ ਇਹ ਵੀ ਜਾਣਕਾਰੀ ਦਿੰਦੀ ਹੈ ਕਿ ਭਗਤ ਜੀ ਨੇ 'ਪ੍ਰੇਮ' ਕਰਕੇ ਪ੍ਰਭੂ ਨੂੰ ਪਾਇਆ, ਕਿਉਂਕਿ (ਕਹਾਣੀ ਅਨੁਸਾਰ) ਜਦੋਂ ਅੰਤਰਜਾਮੀ ਘਰ ਛਡ ਕੇ ਤੁਰ ਜਾਂਦਾ ਹੈ ਤਾਂ ਭਗਤ ਜੀ ਨੂੰ 'ਅਕਾਸ਼-ਬਾਣੀ' (ਅੰਤਰ ਦੀ ਸੂਝ, ਸੋਝੀ, ਉਚ-ਸੋਝੀ) ਹੁੰਦੀ ਹੈ ਕਿ 'ਪ੍ਰਭੂ ਪ੍ਰੇਮ ਕੀਤਿਆਂ ਮਿਲਦਾ ਹੈ' ('ਨੌਕਰ' ਪ੍ਰੇਮ ਕੀਤਿਆਂ ਹੀ 'ਘਰ' ਵਿਚ ਰਹਿ ਸਕਦਾ ਹੈ)। ਦੂਜੀ ਕਹਾਣੀ ਹਰ ਥਾਂ, ਹਰ ਸ਼ੈ ('ਵਣਿ ਤ੍ਰਿਣਿ ਰਤੜਾ ਨਾਰਾਇਣਾ', (ਪੰਨਾ ੯੨) ਵਿਚ ਵਸਦੇ ਵਾਹਿਗੁਰੂ ਨੂੰ ਦੇਖਣ ਦੀ ਸੋਝੀ ਦਿੰਦੀ ਹੈ। ਹਰੇਕ ਜ਼ੱਰੇ, ਮਾਨਵ, ਤਿਨਕੇ, ਪਸ਼ੂ ਤੇ ਪਦਾਰਥ ਨੂੰ 'ਨਾਮ' ਨੇ ਧਾਰਿਆ ਹੋਇਆ ਹੈ।[27] ਇਸ ਗਲ ਦੀ ਸੋਝੀ ਭਗਤ ਨਾਮਦੇਵ ਜੀ ਭਗਤ ਤ੍ਰਿਲੋਚਨ ਜੀ ਨੂੰ ਦਿੰਦੇ ਹਨ, ਸੋ ਇਹ ਕਹਾਣੀ ਉਨ੍ਹਾਂ ਦੀ



Digitized by Panjab Digital Library | www.panjabdigilib.org

ਆਤਮਿਕ ਉਚਤਾ, ਹਰ ਥਾਂ 'ਨਾਮ' ਦਾ ਪਸਾਰਾ ਦੇਖਣ ਦੀ ਬਿਰਤੀ ਅਤੇ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਦੀ ਸੱਚੀ ਮਿਤਰਤਾ ਦਾ ਖੁਲਾਸਾ ਕਰਦੀ ਹੈ।

2. *ਰਚਨਾ*

*2.1 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ*

*2.2 ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ ਰਚਨਾ*

2.1 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਦੇ 4 (ਚਾਰ)[28] ਸ਼ਬਦ ਸ਼ਾਮਲ ਹਨ, ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ :

| | (i) | (ii) | (iii) | (iv) | (v) | (vi) | (vii) |
|---|---|---|---|---|---|---|---|
| | ਰਾਗ | ਗੁਰੂ ਗ੍ਰੰਥ ਪੰਨਾ | ਸ਼ਬਦ ਗਿਣਤੀ | ਕੁਲ ਬੰਦ | ਪਦ ਤੁਕਾਂ | ਰਹਾਉ ਤੁਕਾਂ | ਕੁਲ ਤੁਕਾਂ |
| (ੳ) | ਸਿਰੀਰਾਗੁ | ੯੨ | ੧ | ੫ | ੨ | ੫ | ੧੫ |
| (ਅ) | ਗੂਜਰੀ | ੫੨੫-੨੬ | ੨ | (i) ੪<br>(ii) ੫ | (i) ੨<br>(ii) ੨ | (i) ੨<br>(ii) ੧ | (i) ੧੦<br>(ii) ੧੧ |
| (ੲ) | ਧਨਾਸਰੀ | ੬੯੫ | ੧ | ੬ | (i) ੩<br>(ii-vi)-੨* | ੨ | ੧੫ |

(i) ਕੁਲ ਸ਼ਬਦ-੪ (ii) ਕੁਲ ਬੰਦ-੨੦ (੫+੪+੫+੬)
(iii) ਕੁਲ ਪੰਕਤੀਆਂ-੫੧ (੧੫+੧੦+੧੧+੧੫)

(*ਇਸ ਸ਼ਬਦ ਵਿਚ ਪਹਿਲੇ ਬੰਦ ਦੀਆਂ ਦੋ ਪੰਕਤੀਆਂ ਰਹਾਉ ਦੀਆਂ ਤੋਂ ਬਾਅਦ, ਅਗਲਾ ਪਹਿਲਾ ਬੰਦ ੩ ਪੰਕਤੀਆਂ ਦਾ ਅਤੇ ਬੰਦ ੨ ਤੋਂ ੬, ੨-੨ ਪੰਕਤੀਆਂ

**2.2** *ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀ ਰਚਨਾ :*

(1) ਆਚਾਰੀਆ ਪਰਸ਼ੂਰਾਮ ਚਤੁਰਵੇਦੀ ਨੇ 'ਉਤਰੀ ਭਾਰਤ ਕੀ ਸੰਤ ਪਰੰਪਰਾ' ਵਿਚ ਭਗਤ ਜੀ ਦੇ ਤਿੰਨ ਪਦੇ ਟੋਡੀ, ਸਾਰੰਗ ਤੇ ਰਾਮਕਲੀ ਰਾਗ ਵਿਚ, ਦਾਦੂ ਪੰਥੀਆਂ ਦੀ ਪੋਥੀ ਵਿਚ ਹੋਣ ਦਾ ਹਵਾਲਾ ਦਿੱਤਾ ਹੈ।[29]

(2) ਗਿ. ਗੁਰਦਿਤ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਤੀਜੀ ਸ਼ਾਖਾ[30] ਵਾਲੀ ਬੀੜ ਵਿਚ ਗੂਜਰੀ ਰਾਗ ਦੇ ਦੋ ਪਦਿਆਂ ਨਾਲ ਤੀਜਾ ਹੋਰ ਪਦਾ ਵੀ ਹੈ ਅਤੇ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਵੀ ਇਕ ਪਦਾ ਇਨ੍ਹਾਂ ਦੇ ਨਾਂ ਹੇਠ ਮਿਲਦਾ ਹੈ।[30]

(3) ਗੋਸ਼ਟਾਂ ਵਿਚ ਮਿਲਦੇ ਪਦੇ, ਗੋਸ਼ਟਕਾਰਾਂ ਦੁਆਰਾ ਆਪਣੇ ਕੋਲੋਂ ਜੋੜੇ ਪ੍ਰਤੀਤ ਹੁੰਦੇ ਹਨ, ਉਤਾਰੇ ਕਰਨ ਵਾਲਿਆਂ ਤੇ ਛਾਪੇਖਾਨੇ ਵਾਲਿਆਂ ਨੇ ਇਨ੍ਹਾਂ ਵਿਚ ਫੇਰ ਵਿਗਾੜ ਪਾ ਦਿਤੇ ਹਨ।

***ਟਿਪਣੀ :*** ਭਗਤ ਜੀ ਦੇ ਨਾਂ ਹੇਠ ਮਿਲਦੀਆਂ ਇਹ ਕੁਝ 'ਗੁਰਬਾਣੀ ਤੋਂ ਬਾਹਰ' ਦੀਆਂ ਰਚਨਾਂਵਾਂ ਸਬੰਧੀ ਕੁਝ ਕੁ ਗਲਾਂ ਦਾ ਧਿਆਨ ਰਖਣਾ ਜਰੂਰੀ ਹੈ :



Digitized by Panjab Digital Library | www.panjabdigilib.org

(i) ਇਨ੍ਹਾਂ ਰਚਨਾਵਾਂ ਦੀ ਪ੍ਰਮਾਣਿਕਤਾ ਦਾ ਕੋਈ ਠੋਸ ਸਬੂਤ/ਆਧਾਰ ਨਹੀਂ।

(ii) ਪੁਰਾਤਨ ਤੇ ਮਧਕਾਲੀ ਸੰਤਾਂ-ਭਗਤਾਂ ਦੇ ਨਾਂ ਨਾਲ ਵਾਧੂ ਰਚਨਾਵਾਂ ਦਾ ਜੁੜ ਜਾਣਾ ਸਾਧਾਰਨ ਜਿਹੀ ਗਲ ਹੈ, ਜਿਵੇਂ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਪ੍ਰਾਣ-ਸੰਗਲੀ', ਕਬੀਰ ਸਾਹਿਬ ਨਾਲ 'ਬੀਜਕ' ਗ੍ਰੰਥ ਅਤੇ ਭਗਤ ਸੂਰਦਾਸ, ਜੈ ਦੇਵ ਜੀ ਆਦਿ ਦੇ ਨਾਂ ਨਾਲ ਵਡੇ-ਵਡੇ ਗ੍ਰੰਥ (ਸਾਗਰ) ਜੁੜੇ ਹੋਏ ਹਨ।

(iii) ਇਸ ਅਪ੍ਰਮਾਣਿਕ ਰਚਨਾ ਦੇ ਮਿਲਦੇ ਪਾਠਾਂ ਵਿਚ ਢੇਰ ਅੰਤਰ ਹੈ, ਮਿਸਾਲ ਲਈ ਗਿ. ਗੁਰਦਿਤ ਸਿੰਘ ਦੇ ਕੀਤੇ ਉਤਾਰੇ ਨਾਲ, ਡਾ. ਸਿੰਗਲਾ ਦੁਆਰਾ ਕੀਤੇ ਉਤਾਰੇ ਦੇ ਪਾਠ ਵਿਚ ਅਨੇਕਾਂ ਪਾਠਾਂਤਰ ਹਨ। ਇਸ ਤਰ੍ਹਾਂ ਭਗਤ ਮਾਲਾ ਤੇ ਗੋਸ਼ਟੀਆਂ ਵਾਲੇ ਪਦੇ ਵੀ ਨਹੀਂ ਮਿਲਦੇ।[31]

(iv) ਡਾ. ਧਰਮਪਾਲ ਸਿੰਗਲਾ ਦਾ ਵਿਚਾਰ ਵੀ ਵਾਚਣਯੋਗ ਹੈ, ਇਨ੍ਹਾਂ ਅਨੁਸਾਰ "ਹੋ ਸਕਦਾ ਹੈ ਕਿ 'ਸਰਬਾਂਗੀ' ਵਾਲੇ ਪਦੇ ਇਹ ਧੰਨੇ ਦੇ ਗੁਰੂ ਤ੍ਰਿਲੋਚਨ ਬ੍ਰਹਮਣ ਦੇ ਹੀ ਹੋਣ।"[32]

ਉਪਰੋਕਤ ਦਾ ਸਾਰ ਇਹ ਹੈ ਕਿ :

ਭਗਤ ਤ੍ਰਿਲੋਚਨ ਜੀ ਦੀ ਬਾਣੀ ਦਾ ਪ੍ਰਮਾਣਿਕ ਸਰੂਪ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਸ਼ਬਦ ਹੀ ਹਨ। ਇਹੋ 'ਸਾਡੀ' ਵਿਚਾਰਧਾਰਾ (Sikh School of Thought), ਅਮਲ, ਸ਼ਰਧਾ ਅਤੇ ਅਧਿਐਨ (Studies) ਦਾ ਆਧਾਰ ਹਨ।

### *3 ਵਿਚਾਰਧਾਰਾ* **(Idelology)**

ਭਗਤ ਤ੍ਰਿਲੋਚਨ ਜੀ ਦੀ ਵਿਚਾਰਧਾਰਾ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਉਨ੍ਹਾਂ ਦੇ ਚਾਰ ਸ਼ਬਦ ਹਨ। ਇਨ੍ਹਾਂ ਚਾਰੇ ਸ਼ਬਦਾਂ ਦਾ ਅਧਿਐਨ ਇਹ ਬਿਲਕੁਲ ਸਪਸ਼ਟ ਕਰ ਦਿੰਦਾ ਹੈ ਕਿ ਭਗਤ ਜੀ ਦੀ ਵਿਚਾਰਧਾਰਾ ਗੁਰਮਤਿ ਅਨੁਸਾਰੀ ਹੈ, ਪਰ ਫਿਰ ਵੀ ਕਈ ਵਿਦਵਾਨਾਂ ਨੇ ਇਸ ਸਬੰਧੀ ਭ੍ਰਾਂਤੀਆਂ ਪੈਦਾ ਕਰ ਦਿਤੀਆਂ ਹਨ :

(i) ਮਾਸਟਰ ਮਹਿਤਾਬ ਸਿੰਘ ਜੀ ਨੇ ਬਿਨ੍ਹਾਂ ਕਿਸੇ ਹਵਾਲੇ ਦੇ ਇਨ੍ਹਾਂ ਨੂੰ ਵੈਸ਼ਨਵ ਮਤ ਦੇ ਉਪਾਸ਼ਕ ਲਿਖ ਦਿਤਾ ਹੈ।[33]

(ii) ਸ. ਦਲਜੀਤ ਸਿੰਘ (I.A.S., ਸਵਰਗਵਾਸੀ), ਜਿਨ੍ਹਾਂ ਨਾਥ, ਵੈਸ਼, ਸ਼ਿਵ ਆਦਿ ਸੰਪਰਦਾਵਾਂ ਤੇ ਵਿਚਾਰ-ਪਧਤੀਆਂ 'ਤੇ ਡੂੰਘੇਰਾ ਅਧਿਐਨ ਕੀਤਾ ਹੈ, ਉਹ ਵੀ ਇਨ੍ਹਾਂ ਨੂੰ ਵੈਸ਼ਨਵ ਹੀ ਮੰਨਦੇ ਹਨ।[34]

(iii) Duncan Greenless ਤਾਂ ਦੋ ਕਦਮ ਹੋਰ ਅਗੇ ਜਾਂਦੇ ਹਨ। ਇਨ੍ਹਾਂ ਅਨੁਸਾਰ ਭਗਤ ਜੀ 'Vaishnava Devotee ਸਨ ਅਤੇ ਇਨ੍ਹਾਂ ਦੇ ਘਰ 'ਅੰਤਰਜਾਮੀ' ਨਾਂ ਦਾ ਨੌਕਰ, ਕ੍ਰਿਸ਼ਨ ਆਪ ਆਇਆ ਸੀ।[35]

(iv) 'A Popular Dictionary of Sikhism' ਦੇ ਕਰਤੇ ਭਗਤ ਜੀ ਨੂੰ 'A Hindu Bhagat of Vaishya Caste' ਲਿਖਦੇ ਹਨ।[36] ਇਥੇ ਉਪਰੋਕਤ ਲਾਈਨਾਂ ਦੇ ਕਰਤਿਆਂ ਦਾ ਸੰਕੇਤ ਭਗਤ ਜੀ ਦੀ 'ਹਿੰਦੂ ਵਿਚਾਰਧਾਰਾ' ਸਬੰਧੀ ਹੈ, ਪਰ ਜਿਵੇਂ ਅਸੀਂ ਅਗੇ ਚਲ ਕੇ ਦੇਖਾਂਗੇ ਕਿ ਉਪਰੋਕਤ ਸਾਰੀਆਂ ਧਾਰਨਾਵਾਂ ਨਿਰਮੂਲ ਹਨ। ਮੂਲ ਗਲ ਇਹ ਹੈ ਕਿ ਇਨ੍ਹਾਂ ਜਾਂ ਹੋਰ ਅਜਿਹੇ ਵਿਦਵਾਨਾਂ ਨੇ ਆਪਣੀਆਂ ਧਾਰਨਾਵਾਂ ਦਾ ਆਧਾਰ ਗੁਰੂ ਗ੍ਰੰਥ ਵਿਚਲੀ ਪ੍ਰਮਾਣਿਕ ਬਾਣੀ ਨੂੰ ਬਣਾਉਣ ਦੀ



Digitized by Panjab Digital Library | www.panjabdigilib.org

ਬਜਾਏ, ਪ੍ਰਚਲਿਤ ਸਾਖੀਆਂ, ਮੌਖਿਕ ਪ੍ਰੰਪਰਾਵਾਂ ਜਾਂ ਇਨ੍ਹਾਂ ਦੇ ਨਾਂ ਹੇਠ ਮਿਲਦੀ ਅਪ੍ਰਮਾਣਿਕ ਰਚਨਾ ਨੂੰ ਬਣਾਇਆ ਹੈ। ਦੂਸਰੀ ਵਡੀ ਗਲਤੀ/ਉਕਾਈ ਇਹ ਹੋਈ ਹੈ ਕਿ ਇਹ ਵਿਦਵਾਨ ਭਗਤ ਜੀ ਨੂੰ ਗੁਰਮਤਿ ਧਾਰਾ ਦੇ 'ਇਕਾਈ ਰੂਪ' (Unity of Whole Ideology) ਵਿਚੋਂ 'ਵਖ' ਕਰਕੇ 'ਇਕਾਂਗੀ' ਰੂਪ 'ਚ ਲੈਂਦੇ ਹਨ।

ਭਗਤ ਜੀ ਦੀ ਵਿਚਾਰਧਾਰਾ ਸਬੰਧੀ ਵਿਚਾਰ ਕਰਨ ਤੋਂ ਪਹਿਲਾਂ ਕੁਝ ਕੁ ਗਲਾਂ (ਮਾਨਤਾਵਾਂ) ਧਿਆਨ ਗੋਚਰੇ ਰਖਣੀਆਂ ਜ਼ਰੂਰੀ ਹਨ :

1) ਗੁਰੂ ਗ੍ਰੰਥ ਵਿਚ ਸ਼ਾਮਲ ਸਮੁਚੀ ਬਾਣੀ ਇਕ 'ਇਕਾਈ ਰੂਪ' ਹੈ, ਭਗਤ ਜੀ ਦੀ ਵਿਚਾਰਧਾਰਾ ਨੂੰ ਸਮੁਚੇ ਗੁਰਬਾਣੀ ਪ੍ਰਵਾਹ ਦੇ ਪਿਛੋਕੜ ਵਿਚ ਰਖ ਕੇ ਹੀ ਸਮਝਿਆ ਜਾ ਸਕਦਾ ਹੈ। ਵਿਕਲੋਤਰ ਰੂਪ ਵਿਚ ਕਈ ਭ੍ਰਾਂਤੀਆਂ ਪੈਦਾ ਹੋ ਸਕਦੀਆਂ ਹਨ।

2) ਵਿਕਲੋਤਰੇ ਜਾਂ ਇਕਾਂਗੀ ਰੂਪ ਵਿਚ ਸਾਨੂੰ ਭਗਤ ਜੀ ਦੀ ਬਾਣੀ ਵਿਚੋਂ 'ਸਰਗੁਣਵਾਦ', 'ਵੈਸ਼ਨਵਵਾਦ' ਦੇ ਸਿਧਾਂਤਾਂ ਦਾ ਝਉਲਾ ਪੈ ਸਕਦਾ ਹੈ, ਪਰ ਧਿਆਨ ਰਹੇ ਕਿ ਅਧਿਆਤਮ ਅਤੇ ਯਥਾਰਥ ਦੇ 'ਅੰਤਿਮ ਸਚੁ' (Ultimate Reality) ਤੋਂ ਖੁੰਝੀ ਹੋਈ ਕੋਈ 'ਰਚਨਾ' ਦਾ ਗੁਰਬਾਣੀ ਵਿਚ ਸ਼ਾਮਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ, ਕਿਉਂਕਿ ਗੁਰਬਾਣੀ ਦਾ ਅੱਖਰ-ਅੱਖਰ ਗੁਰੂ ਅਰਜਨ ਸਾਹਿਬ ਦੀ ਮਹਾਂ ਪਾਰਖੂ ਅੱਖ ਤੇ ਮਹਾਂ ਕਵੀ ਭਾਈ ਗੁਰਦਾਸ ਦੀ ਕਲਮ ਹੇਠ ਦੀ ਲੰਘਿਆ ਹੋਇਆ ਹੈ। ਗੁਰਬਾਣੀ ਵਿਚ (ਗੁਰੂ ਗ੍ਰੰਥ ਵਿਚ) ਜਿੰਨੇ ਵੀ ਭਟ, ਭਗਤ, ਗੁਰਸਿਖਾਂ ਆਦਿ ਦੀ ਬਾਣੀ ਸ਼ਾਮਲ ਹੈ, ਉਹ ਅਜਿਹੇ ਮਾਨਵਵਾਦੀ ਵਿਚਾਰਸ਼ੀਲ ਪੁਰਸ਼ ਸਨ, ਜਿਨ੍ਹਾਂ 'ਸਾਂਈ ਸਿਞਾਤਾ' ਸੀ। ਅਧੂਰੇ ਤੇ ਕਚਿਆਂ (ਸਰਗੁਣ ਉਪਾਸ਼ਕਾਂ/ਵੈਸ਼ਨਵਵਾਦੀਆਂ) ਦੀ ਉਥੇ (ਗੁਰੂ ਗ੍ਰੰਥ ਸਾਹਿਬ ਵਿਚ) ਕੋਈ ਥਾਂ ਨਹੀਂ :

*ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ ਸਾਈ॥*

*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ॥*

(ਪੰਨਾ-੧੪੨੫)

*ਭਾਈ ਗੁਰਦਾਸ ਕੋ ਆਗਿਆ ਕਰੀ*
*ਸਭ ਕਰੋ ਇਕਤ੍ਰ ਬਾਨੀ ਇਹ ਘਰੀ*
*ਅਰੁ ਬਾਨੀ ਭਗਤਨ ਦੀ ਸਭ ਮੋਲੋ।*
*ਸਾਚੀ ਰਾਖੋ ਝੂਠੀ ਪੋਲੋ।37*

### *3.1 ਭਗਤ ਤ੍ਰਿਲੋਚਨ ਜੀ ਦੀ ਵਿਚਾਰਧਾਰਾ ਦਾ ਸਿਧਾਂਤਿਕ ਪੱਖ :[38]*

ਮਾਨਵ-ਚੇਤਨਾ ਦੇ ਉਚ ਤੇ ਪ੍ਰਮੁਖ ਸਵਾਲਾਂ ਪਰਮਸਚੁ, ਸ੍ਰਿਸਟੀ ਅਤੇ ਜੀਵਨ (Ultimate Reality, Creation and Life) ਵਿਚੋਂ ਭਗਤ ਜੀ ਦੀ ਬਾਣੀ ਦਾ (ਵਿਚਾਰਧਾਰਾ ਦਾ) ਕੇਂਦਰ ਭਾਵੇਂ ਮਨੁਖਾ ਜੀਵਨ ਹੈ, ਪਰ ਉਨ੍ਹਾਂ ਪਰਮਸਚੁ ਪ੍ਰਤੀ ਵੀ ਵਿਚਾਰ ਪ੍ਰਗਟਾਏ ਹਨ। ਨਾਲ ਹੀ ਉਹ ਮਾਇਆ, ਕਰਮ ਆਦਿ ਸਿਧਾਂਤਾਂ ਬਾਰੇ ਵੀ ਵਿਚਾਰ ਪ੍ਰਗਟਾਉਂਦੇ ਹਨ। ਇਸ ਤਰ੍ਹਾਂ ਕੁਲ ਮਿਲਾ ਕੇ ਉਨ੍ਹਾਂ ਦੀ ਬਾਣੀ ਵਿਚੋਂ ਚਾਰ ਸੰਕਲਪ/ਸਿਧਾਂਤ ਸਾਹਮਣੇ ਆਉਂਦੇ ਹਨ:

1) ਪਰਮਾਤਮਾ ਦਾ ਸਰੂਪ (Nature of Reality)

2) ਮਾਇਆ



Digitized by Panjab Digital Library | www.panjabdigilib.org

3) ਕਰਮ ਸਿਧਾਂਤ ਅਤੇ

4) ਮਾਨਵ ਜੀਵਨ ਦਾ ਉਦੇਸ਼ ਅਤੇ ਪ੍ਰਾਪਤੀ ਦੇ ਸਾਧਨ।

*1) ਪਰਮਾਤਮਾ ਦਾ ਸਰੂਪ*

ਅੰਤਿਮ ਸਚੁ ਜਾਂ ਪਰਮਸਚੁ ਲਈ ਭਗਤ ਜੀ ਨੇ ਅਨੇਕਾਂ ਸ਼ਬਦ ਵਰਤੇ ਹਨ। ਜਿਵੇਂ:

ਬੀਠੁਲ, ਨਾਰਾਇਣ, ਰਾਮ, ਬ੍ਰਹਮੁ, ਪਰਮਾਨੰਦੁ, ਨਿਰਬਾਣ (ਵਾਸ਼ਨਾ-ਰਹਿਤ, ਨਿਰਲੇਪ), ਗੋਬਿੰਦ ਅਤੇ ਪੀਤੰਬਰੁ ਆਦਿ।

ਭਗਤ ਜੀ ਦੀ ਉਪਾਸ਼ਨਾ ਦਾ ਬ੍ਰਹਮ, ਭਾਵੇਂ ਨਿਰੋਲ ਨਿਰਗੁਣ ਹੈ, ਪਰ ਉਨ੍ਹਾਂ ਦੇ ਭਾਵਨਾਤਮਕ ਤੇ ਰਹਸਮਈ ਆਵੇਸ਼ ਵਿਚੋਂ ਪ੍ਰਗਟ ਹੋ ਰਹੇ ਬ੍ਰਹਮ ਦਾ ਮਾਨਵੀਕਰਨ ਵੀ ਹੋਇਆ ਹੈ, ਦੂਜੇ ਸ਼ਬਦਾਂ ਵਿਚ ਭਗਤ ਜੀ ਦੀ ਬਾਣੀ ਵਿਚ ਨਿਰੂਪਤ ਹੋਏ ਬ੍ਰਹਮ ਦਾ ਸਰੂਪ ਜ਼ਿਆਦਾਤਰ ਭਾਵਨਾਮਈ ਹੈ। ਬ੍ਰਹਮ ਦੇ ਨਿਰੂਪਣ ਲਈ ਭਗਤ ਜੀ ਸਾਮਿਅਕ ਜਨ-ਮਾਨਸ ਵਿਚ ਵਰਤੀਂਦੇ ਸ਼ਬਦਾਂ ਦਾ ਖੁਲ੍ਹੇ ਰੂਪ ਵਿਚ ਪ੍ਰਯੋਗ ਕਰਦੇ ਹਨ। ਸਨਾਤਨੀ ਸ਼ਬਦਾਵਲੀ ਰਾਹੀਂ ਭਗਤ ਜੀ ਦੀ ਬਾਣੀ ਵਿਚ ਜੋ ਪਰਮਾਤਮਾ ਦਾ ਸਰੂਪ ਨਿਰੂਪਤ ਹੋਇਆ ਹੈ, ਉਹ ਲਗਪਗ ਪੰਜ ਪ੍ਰਕਾਰ ਦਾ ਹੈ :

*ੳ)* ਪਿਆਰਾ

*ਅ)* ਵਿਆਪਕ

*ੲ)* ਅੰਤਰਜਾਮੀ

*ਸ)* ਅਨੰਦ ਸਰੂਪ

*ਹ)* ਕਰਤਾ

*(ੳ) ਪਿਆਰਾ*

ਭਗਤ ਜੀ ਦਾ ਪਿਆਰਾ ਪਰਮਾਤਮਾ ਉਨ੍ਹਾਂ ਦੇ ਐਨ ਸਾਹਮਣੇ ਹੈ। ਉਹ 'ਅਗੋਚਰ' ਨਾਲੋਂ 'ਗੋਚਰ' ਜ਼ਿਆਦਾ ਹੈ। ਉਹ ਪਿਆਰ ਸਰੂਪ ਇਤਨਾ ਪਿਆਰਾ ਹੈ ਕਿ ਭਗਤ ਜੀ ਉਸ ਦੀਆਂ ਬਾਹਵਾਂ ਵਿਚ ਜਾਣ ਲਈ ਬਹਿਬਲ ਹਨ :

*ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥*

(ਪੰਨਾ-੯੨)

ਸੱਜਣ ਗੁਰਮੁਖਾਂ ਦੇ ਕਹਿਣ (ਉਪਦੇਸ਼) 'ਤੇ ਉਨ੍ਹਾਂ ਨੂੰ ਆਪਣੇ ਪਿਆਰੇ ਦੀ ਯਾਦ ਆਉਂਦੀ ਹੈ। ਨਹੀਂ ਉਹ ਤਾਂ ਜਮ ਤੇ ਬੁਢੇਪੇ ਤੋਂ ਬੇਖ਼ਬਰ 'ਕੁਟੰਬ' ਵਿਚ ਗ੍ਰਸਤ ਸਨ। ਪਰ ਸਮਝ ਆਉਣ 'ਤੇ ਸਮਝ ਪੈਂਦੀ ਹੈ ਕਿ ਪਿਆਰਾ ਹੀ ਇਨ੍ਹਾਂ ਬੰਧਨਾਂ ਤੋਂ ਛੁਟਕਾਰਾ ਦਿਵਾ ਸਕਦਾ ਹੈ :

*ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥*

(ਪੰਨਾ-੯੨)

ਗੁਰੂ ਅਰਜਨ ਸਾਹਿਬ ਜੀ ਨੇ ਵੀ ਪਰਮਾਤਮਾ ਦਾ 'ਪਿਆਰਾ' ਸਰੂਪ ਚਿਤਰਿਆ ਹੈ:

*ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ ॥*

(ਪੰਨਾ-੩੭੬)



Digitized by Panjab Digital Library | www.panjabdigilib.org

*ਤਿਨ੍ ਸਿਉ ਪ੍ਰੀਤਿ ਨ ਤੁਟਈ, ਕਬਹੁ ਨ ਹੋਵੈ ਭੰਗੁ ਜੀਉ॥*

(ਪੰਨਾ-੭੬੦)

*(ਅ) ਵਿਆਪਕ*

ਪਰਮਾਤਮਾ ਨਾ ਤਾਂ ਕਿਸੇ ਸੀਮਾ ਵਿਚ ਕੈਦ ਹੈ ਅਤੇ ਨਾ ਹੀ ਰਚਨਾ ਤੋਂ ਅਟੰਕ ਹੋ ਕੇ 'ਸਤਵੇਂ ਅਸਮਾਨ' ਜਾਂ 'ਬੈਕੁੰਠ' ਵਾਸ ਕਰ ਰਿਹਾ ਹੈ। ਉਹ ਨਿਕੇ ਜਿਹੇ ਘਾਹ ਦੇ ਤਿਨਕੇ ਤੋਂ ਲੈ ਕੇ ਸਾਰੀ ਬਨਸਪਤੀ, ਤਿੰਨਾਂ ਲੋਕਾਂ, ਭਾਵ ਹਰ ਥਾਂ ਵਿਆਪਕ ਹੈ। ਗੁਰਮੁਖਾਂ ਦੇ (ਨਾਮਦੇਵ ਜੀ ਵਰਗਿਆਂ ਦੇ) ਸੋਝੀ (ਉਪਦੇਸ਼) ਦੇਣ ਉਤੇ ਭਗਤ ਜੀ ਨੂੰ ਵਿਆਪਕ ਪ੍ਰਭੂ ਦੀ ਚੇਤਨਾ ਹੁੰਦੀ ਹੈ। ਪਹਿਲਾਂ ਉਹ ਸਨਾਤਨੀ-ਤੰਦਾਂ ਦੀਆਂ ਏਕਾ-ਕੇਂਦਰਤ (Uni-centered) ਮੂਰਤਾਂ ਵਿਚ ਘਿਰੇ ਹੋਏ, ਤਿਨਕਿਆਂ ਵਿਚ 'ਵਿਭਾਜਿਤ' ਸੀਮਤ 'ਰੱਬ' ਨੂੰ ਹੀ ਜਾਣਦੇ ਸਨ :

*ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ॥*

(ਪੰਨਾ-੯੨)

ਗੁਰਬਾਣੀ ਵਿਚ ਥਾਂ-ਥਾਂ ਉਪਰੋਕਤ ਵਿਚਾਰ ਮਿਲ ਜਾਂਦੇ ਹਨ :

*ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ॥*

(ਪੰਨਾ-੧੯੮)

*ਤੂੰ ਘਟਿ ਘਟਿ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ॥*

(ਪੰਨਾ-੧੧)

*(ੲ) ਅੰਤਰਜਾਮੀ*

ਵਿਆਪਕ ਪ੍ਰਭੂ ਦਾ ਹਰੇਕ ਹਿਰਦੇ ਵਿਚ ਨਿਵਾਸ ਹੈ। ਇਸੇ ਕਰਕੇ ਉਹ 'ਘਟਿ ਘਟਿ' ਦੀ ਜਾਣਦਾ ਹੈ। ਉਸ ਤੋਂ ਕੁਝ ਲੁਕਿਆ ਛਪਿਆ ਨਹੀਂ। ਅੰਤਰਜਾਮੀ ਅਤੇ ਅੰਦਰ ਹੋਣ ਦੀ ਸੋਝੀ ਨਾ ਰੱਖਣ ਵਾਲੇ ਉਦਾਸੀ, ਕਾਪੜੀਆ ਜਾਂ ਸੰਨਿਆਸੀ (ਬਿਪਰ ਪ੍ਰੰਪਰਾ ਦੇ ਅਹਿਲਕਾਰ) ਅਤੇ ਜੈ ਚੰਦ (ਬਿਪਰ ਪ੍ਰੰਪਰਾ ਦਾ ਅਲੰਬਰਦਾਰ) ਵਰਗੇ ਅੰਦਰ 'ਮਲਿ' ਭਰੀ ਫਿਰਦੇ ਹਨ, ਤਾਂ ਹੀ ਭਗਤ ਜੀ ਇਨ੍ਹਾਂ ਨੂੰ 'ਘਟਿ' ਵਸਦੇ ਅੰਤਰਜਾਮੀ ਨੂੰ 'ਚੀਨ੍ਹਣ' ਦੀ ਸਿਖਿਆ ਦਿੰਦੇ ਹਨ :

*ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ॥*

(ਪੰਨਾ-੯੨)

*ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥*
*ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹਿ ਭਇਆ ਸੰਨਿਆਸੀ॥*

(ਪੰਨਾ-੫੨੫)

ਗੁਰਬਾਣੀ ਨੇ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ :

*ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ॥*

(ਪੰਨਾ-੧੦੭੪)

*ਅੰਤਰਜਾਮੀ ਸਭੁ ਕਿਛੁ ਜਾਨੈ ਉਸਤੇ ਕਹਾ ਛਪਾਇਆ॥*

(ਪੰਨਾ-੩੮੧)



Digitized by Panjab Digital Library | www.panjabdigilib.org

(ਸ) ਅਨੰਦ ਸਰੂਪ

ਭਗਤ ਜੀ ਦੀ ਬਾਣੀ ਵਿਚ ਨਿਰੂਪਤ ਪਰਮਾਤਮਾ 'ਅਨੰਦ' ਸਰੂਪ ਹੈ, 'ਅਨੰਦ' ਉਸ ਦਾ ਇਕ ਗੁਣ ਨਹੀਂ, ਸਗੋਂ ਉਸ ਦਾ 'ਸਰੂਪ' ਹੀ ਅਨੰਦ ਹੈ। ਉਹ ਸਭ ਤੋਂ ਸ੍ਰੇਸ਼ਠ ਖੁਸ਼ੀ ਹੈ, ਪਰਮਾਨੰਦ ਹੈ। ਮਾਇਆਵੀ ਖੁਸ਼ੀਆਂ ਉਸ ਦੇ ਮੁਕਾਬਲੇ ਹੇਚ ਹਨ, ਤੁਛ ਹਨ। ਭਰਮਾਂ ਵਿਚ ਭੁਲੀ ਲੋਕਾਈ (ਜੈ ਚੰਦ ਵਰਗੀ) ਬਾਹਰ ਸੰਸਾਰਿਕ ਪਦਾਰਥਾਂ, ਧਾਰਮਿਕ ਭੇਖਾਂ ਅਤੇ ਤੀਰਥਾਂ ਦੇ ਤਟਾਂ ਉਪਰ 'ਅਨੰਦ' ਭਾਲਦੀ ਫਿਰਦੀ ਹੈ, ਪਰ ਭਗਤ ਜੀ ਕਹਿੰਦੇ ਹਨ ਕਿ ਸ੍ਰੇਸ਼ਠ ਅਨੰਦ ਤਾਂ ਤੇਰੇ ਹਿਰਦੇ ਵਿਚ ਹੀ ਵਸਦਾ ਹੈ, ਜਿਸ ਨੂੰ 'ਚੀਨਣ' ਦੀ ਲੋੜ ਹੈ :

*ਭਰਮੇ ਭੂਲੀ ਰੇ ਜੈਚੰਦਾ ॥*

*ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥*

(ਪੰਨਾ-੫੨੫)

(ਹ) ਕਰਤਾ

ਭਗਤ ਜੀ ਅਨੁਸਾਰ ਪਰਮਾਤਮਾ ਸਭ ਜੀਵਾਂ ਦਾ ਕਾਰਨ ਕਰਤਾ ਹੈ। ਉਸ ਨੇ ਹੀ ਸਾਰੀ ਰਚਨਾ ਰਚਾਈ ਹੈ। ਕਰਤਾ ਜੀਵਾਂ ਨੂੰ ਪੈਦਾ ਕਰਕੇ ਉਨ੍ਹਾਂ ਤੋਂ ਵਖ ਨਹੀਂ, ਪਰ ਉਹ ਕਿਰਤ ਵਿਚ ਵਿਆਪ ਕੇ ਵੀ (ਵਣਿ ਤ੍ਰਿਣਿ ਰਤੜਾ) 'ਨਿਰਬਾਣ' ਹੈ। ਭਾਵ ਜੀਵਾਂ ਦੀ ਉਤਪਤੀ ਜਿਸ ਨਿਯਮਾਂ (ਹੁਕਮ) ਰਾਹੀਂ ਕਰਦਾ ਹੈ, ਆਪ ਉਸ ਤੋਂ ਨਿਰਲੇਪ ਹੈ। (ਆਪ ਉਹ ਸੈਭੰ ਹੈ) :

*ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ ॥*

(ਪੰਨਾ-੫੨੬)

ਪਰਮਾਤਮਾ ਪ੍ਰਤੀ ਭਗਤ ਜੀ 'ਬੀਠੁਲਾ' ਸ਼ਬਦ ਦਾ ਪ੍ਰਯੋਗ ਵੀ 'ਨਿਰਬਾਣੀ' ਸ਼ਬਦ ਦੇ ਵਾਂਗ ਹੀ ਕਰਦੇ ਹਨ, (ਭਾਵ ਵਾਸ਼ਨਾ ਰਹਿਤ, ਨਿਰਲੇਪ, ਮਾਇਆ ਦੀ ਕਾਲਖ ਤੋ ਰਹਿਤ)।

ਗੁਰਬਾਣੀ ਵਿਚ ਵੀ ਪਰਮਾਤਮਾ ਦਾ 'ਅਨੰਦਮਈ' ਅਤੇ 'ਕਰਤਾ' ਸਰੂਪ ਭਰਪੂਰ ਮਾਤਰਾ ਵਿਚ ਨਿਰੂਪਤ ਹੋਇਆ ਹੈ :

*ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥*

(ਪੰਨਾ-੪੫੨)

*ਲਖ ਚਉਰਾਸੀਹ ਆਪਿ ਉਪਾਏ ॥*

(ਪੰਨਾ-੧੦੬੧)

*ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ ਤੁਧੁ ਸਭਨਾ ਸਿਰਿ ਲਿਖਿਆ ਲੇਖੁ ॥*

(ਪੰਨਾ-੭੩੫)

ਉਪਰੋਕਤ ਵੇਰਵੇ ਤੋਂ ਸਪਸ਼ਟ ਹੈ ਕਿ ਭਗਤ ਜੀ ਦੀ ਬਾਣੀ ਵਿਚ ਨਿਰੂਪਤ ਹੋਇਆ ਪਰਮਾਤਮਾ ਸਰਗੁਣਵਾਦੀ ਜਾਂ 'ਵੈਸ਼ਨਵਵਾਦੀ' ਨਹੀਂ। ਇਹ 'ਨਿਰਬਾਣ' 'ਬੀਠੁਲ' ਹੈ, ਜਿਹੜਾ 'ਬ੍ਰਹਮ' (ਚਕ੍ਰ-ਚਿਹਨ ਰਹਿਤ, ਅਗੋਚਰ) ਹੁੰਦਾ ਹੋਇਆ ਭਗਤ ਜੀ ਦੇ ਅੰਗ-ਸੰਗ ਹੈ। ਭਗਤ ਜੀ ਦੀ ਉਚ-ਆਤਮਿਕ ਅਵਸਥਾ ਨੇ ਬ੍ਰਹਮ ਦਾ ਸਰੂਪ ਭਾਵਨਾਤਮਕ ਜ਼ਿਆਦਾ ਬਣਾਇਆ ਹੈ। ਭਗਤ ਜੀ ਦੁਆਰਾ ਬ੍ਰਹਮ ਨਿਰੂਪਣਾ ਦੀ ਸਮੁਚੀ ਗੁਰਬਾਣੀ ਨਾਲ ਪੂਰੀ ਤਰ੍ਹਾਂ ਸਾਂਝ ਹੈ।

(2) ਮਾਇਆ



Digitized by Panjab Digital Library | www.panjabdigilib.org

ਭਾਰਤੀ ਦਾਰਸ਼ਨਿਕ/ਧਾਰਮਿਕ-ਪ੍ਰੰਪਰਾ ਦੀ ਕੋਈ ਵੀ ਅਜਿਹੀ ਚਿੰਤਨ-ਪਧਤੀ ਨਹੀਂ, ਜਿਸ ਵਿਚ 'ਮਾਇਆ' ਫ਼ਲਸਫ਼ੇ ਉਪਰ ਵਿਚਾਰ ਨਾ ਕੀਤਾ ਗਿਆ ਹੋਵੇ। ਡਾ. ਬਲਬੀਰ ਸਿੰਘ ਜੀ ਦੇ ਸ਼ਬਦਾਂ ਵਿਚ, "ਭਾਰਤੀ ਫ਼ਲਸਫ਼ੇ ਦਾ ਵਿਕਾਸ-ਕਰਮ, ਆਵਾਗੌਣ ਅਤੇ ਮਾਇਆ ਦੀਆਂ ਪੇਚੀਦਗੀਆਂ ਦੁਆਲੇ ਹੀ ਘੁੰਮਦਾ ਹੈ।'[39] ਭਗਤ ਤ੍ਰਿਲੋਚਨ ਜੀ ਦੁਆਰਾ ਦਰਸਾਈ 'ਮਾਇਆ' ਦੀ ਧਾਰਨਾ, ਭਾਰਤੀ 'ਮਾਇਆਵਾਦ' ਦੇ ਸਿਧਾਂਤ ਤੋਂ ਵਖਰੀ ਅਤੇ ਗੁਰਮਤਿ ਅਨੁਸਾਰੀ ਹੈ।

ਭਗਤ ਜੀ ਦਾ 'ਮਾਇਆ' ਸੰਕਲਪ ਕੇਂਦਰੀ ਨਹੀਂ। ਦੂਸਰਾ ਉਹ ਮਾਇਆ ਦੇ ਅਰਥ ਜਗਤ ਦੀ ਅਸਤਤਾ ਜਾਂ ਮਿਥਿਆ ਰੂਪ ਵਿਚ ਨਹੀਂ ਲੈਂਦੇ,[40] ਉਨ੍ਹਾਂ ਨੂੰ ਤਾਂ ਜਗਤ ਦੇ ਕਣ-ਕਣ ਵਿਚ ਨਾਰਾਇਣ ਰਮਿਆ ਦਿਖਾਈ ਦਿੰਦਾ ਹੈ।(ਵਣਿ ਤ੍ਰਿਣਿ ਰਤੜਾ ਨਾਰਾਇਣਾ) (॥) ਭਗਤ ਜੀ ਮਾਇਆ ਨੂੰ ਮੋਹ, ਹਉਮੈ, ਅਮਰ (ਕਬਜ਼ਿਆਂ ਦੀ ਬਿਰਤੀ), ਕੁਟੰਬ, ਸੰਸਾਰਿਕ ਖਲਜਗਣਾਂ, ਪਰਾਈ ਮੈਲ (ਪਰ ਘਰਿ ਜੋਹਹਿ) ਆਦਿ ਦੇ ਅਰਥਾਂ ਵਿਚ ਲੈਂਦੇ ਹਨ। ਭਗਤ ਜੀ ਅਨੁਸਾਰ ਮਾਇਆ ਅਜਿਹਾ 'ਮੋਹ' (ਤ੍ਰਿਸ਼ਨਾ, ਪਕੜ) ਹੈ, ਜਿਹੜਾ ਪ੍ਰਾਣੀ ਨੂੰ ਬੁਢੇਪੇ/ਮੌਤ (ਜਰਾ ਮਰਣੁ) ਦਾ ਚੇਤਾ ਭੁਲਾ ਕੇ ਉਸ ਨੂੰ 'ਅਮਰ' ਹੋਣ (ਸਦਾ ਰਹਿਣ, ਸਦੀਵਤਾ) ਦੇ ਭਰਮ-ਭੁਲੇਖਿਆਂ ਵਿਚ ਪਾ ਦਿੰਦਾ ਹੈ। ਮਾਇਆਧਾਰੀ 'ਅੰਨ੍ਹਾ ਬੋਲਾ' ਆਪਣੇ ਫੈਲਾਏ ਪਦਾਰਥਕ ਪਸਾਰਿਆਂ ਨੂੰ ਦੇਖ-ਦੇਖ ਇਉਂ ਵਿਗਸਦਾ ਹੈ, ਜਿਵੇਂ ਕੰਵਲ ਦਾ ਫੁਲ ਖਿੜਿਆ ਹੋਵੇ :

***ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ॥***
***ਕੁਟੰਬੁ ਦੇਖਿ ਬਿਖਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ॥***

(ਪੰਨਾ ੯੨)

ਗੂਜਰੀ ਰਾਗ ਦੇ ਪਹਿਲੇ ਸ਼ਬਦ ਵਿਚ ਭਗਤ ਜੀ 'ਮਾਇਆ' ਦੇ ਇਕ ਹੋਰ ਰੂਪ ਨੂੰ ਦਰਸਾਉਂਦੇ ਹਨ। ਉਨ੍ਹਾਂ ਅਨੁਸਾਰ ਜਿਹੜੇ 'ਤਸਕਰਾਂ' ਨੇ 'ਸਾਧਾਂ' ਦੇ ਲਿਬਾਸ ਵਿਚ ਸੰਨਿਆਸੀ, ਉਦਾਸੀ ਜਾਂ ਕਾਪੜੀਆ ਆਦਿ ਦੇ 'ਵੇਸ' ਧਾਰੇ ਹੋਏ ਹਨ, ਖਿੰਥਾ, ਮੁੰਦਰਾਂ ਆਦਿ ਪਹਿਨੀਆਂ ਹੋਈਆਂ ਹਨ, ਸਭ 'ਮਾਇਆ' ਦੇ ਢਕਵੰਜ ਹਨ। ਉਹ ਲੋਕ ਭਾਵੇਂ ਦੂਜਿਆਂ ਨੂੰ 'ਧਾਰਮਿਕ ਹੋਣ' ਦਾ ਦਿਖਾਵਾ ਕਰੀ ਜਾਣ, ਇਹ ਭੇਖੀ ਮਾਇਆਧਾਰੀ ਘਰ-ਘਰ ਤੋ ਮੰਗ ਕੇ ਖਾਂਦੇ ਹਨ, ਗੋਗੜਾਂ (ਪੇਟ) ਵਧਾ ਕੇ ਰੋਗਾਂ ਦਾ ਸ਼ਿਕਾਰ ਬਣਦੇ ਹਨ :

***ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥***

(ਪੰਨਾ-੫੨੬)

ਇਥੇ ਭਗਤ ਜੀ ਸਪਸ਼ਟ ਰੂਪ ਵਿਚ ਕਿਰਤ ਦੀ ਰੋਟੀ ਦਾ ਸਮਰਥਨ ਕਰ ਰਹੇ ਹਨ। ਭਗਤ ਜੀ ਦੀ ਦ੍ਰਿਸ਼ਟੀ ਵਿਚ ਮੰਗ-ਮੰਗ ਕੇ ਖਾਣਾ ਤਾਂ ਮਾਇਆਧਾਰੀ ਕਪਟ ਨਰਾਂ ਦੇ ਧੰਦੇ ਹਨ। ਪ੍ਰਭੂ ਪਿਆਰੇ ਤਾਂ ਹੱਕ-ਹਲਾਲ ਦੀ ਕਿਰਤ ਕਰਕੇ ਜੀਵਨ-ਬਸਰ ਕਰਦੇ ਹਨ।

ਉਪਰੋਕਤ ਤੋਂ ਸਪਸ਼ਟ ਹੈ ਕਿ ਭਗਤ ਜੀ ਜਗਤ ਪ੍ਰਪੰਚ ਨੂੰ ਮਾਇਆ ਨਹੀਂ ਕਹਿ ਰਹੇ। ਉਨ੍ਹਾਂ ਦੀ ਵਿਚਾਰਧਾਰਾ ਅਨੁਸਾਰ, ਇਹ ਮਾਇਆ ਤਾਂ ਸੰਸਾਰ ਦੇ ਝੂਠੇ ਕਾਰ-ਵਿਹਾਰ ਤੇ ਪਸਾਰਿਆਂ ਵਿਚ ਖਚਿਤ 'ਕਪਟ ਨਰਾ' ਦੀ ਮਾਇਅਵਾਦੀ ਰੁਚੀ ਤੇ 'ਧਾਰਮਿਕ ਭੇਖੀ' ਜੀਵਨ ਹੈ। ਇਹ ਪਦਾਰਥਕ ਪੁਜਾਰੀਆਂ, ਮਾਦਾ ਪ੍ਰਸਤੀਆਂ ਦੀ ਕੂੜੀ 'ਚਾਲ' ਹੈ। ਧਰਮ ਦੇ ਨਾਂ ਹੇਠ ਫੋਕੇ ਅਡੰਬਰ, ਭੇਖ ਤੇ ਦਿਖਾਵੇ ਮਾਇਆ ਹਨ। ਬਾਕੀ ਗੁਰਬਾਣੀ ਵੀ ਅਜਿਹੇ ਮਨਮੁਖੀ ਵਰਤਾਰਿਆਂ ਨੂੰ ਹੀ ਮਾਇਆ ਕਹਿੰਦੀ ਹੈ :



Digitized by Panjab Digital Library | www.panjabdigilib.org

*ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥*
*ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥*
*ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥*
*ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥*

(ਪੰਨਾ-੧੪੨੩)

## *(3) ਕਰਮ ਸਿਧਾਂਤ*

'ਕਰਮ' ਸ਼ਬਦ ਦੇ ਅਰਥਾਂ ਬਾਰੇ ਗੁਰਮਤਿ ਦੇ ਵਿਆਖਿਆਕਾਰਾਂ ਵਿਚ ਕਾਫ਼ੀ ਭਿੰਨਤਾ (Grace)[41] ਹੈ। ਪ੍ਰਮੁਖ ਤੌਰ ਤੇ ਇਸ ਦੇ ਦੋ ਅਰਥ ਹਨ; ਇਕ 'ਕੰਮ' (Action) ਤੇ ਦੂਸਰਾ ਬਖ਼ਸ਼ਿਸ਼ (Grace)[41]

ਧਨਾਸਰੀ ਰਾਗ ਵਾਲੇ ਸ਼ਬਦ (ਨਾਰਾਇਣ ਨਿੰਦਸਿ ਕਾਇ...) ਵਿਚ ਭਗਤ ਜੀ 'ਕਰਮ' ਨੂੰ 'ਕੰਮ' ਦੇ ਅਰਥਾਂ ਵਿਚ ਲੈਂਦੇ ਹਨ। ਭਗਤ ਜੀ ਅਨੁਸਾਰ ਜਿਹੜਾ ਜਿਹੋ ਜਿਹਾ ਕੰਮ ਕਰੇਗਾ, ਤਿਹੋ ਜਿਹਾ ਫਲ ਪ੍ਰਾਪਤ ਕਰ ਲਵੇਗਾ। ਆਪਣੀ ਜਿੰਦ ਨੂੰ ਸੰਬੋਧਨ ਰੂਪ ਵਿਚ (ਪਰਥਾਇ ਸਾਰੀ ਮਾਨਵ-ਜਾਤੀ) ਸਮਝਾਉਂਦੇ ਭਗਤ ਜੀ ਸਨਾਤਨੀ ਪਰੰਪਰਾ ਵਿਚੋਂ ਕਈ ਉਦਾਹਰਣਾਂ ਲੈਂਦੇ ਹਨ, ਜਿਵੇਂ ਸ਼ੰਕਰ (ਸ਼ਿਵ ਜੀ) ਨੇ ਕਰਮ (ਕੰਮਾਂ, ਕਰਤੂਤਾਂ) ਕਰਕੇ 'ਕਪਾਲੀ' ਕਹਾਇਆ, ਅਰੁਣ ਪਿੰਗੁਲਾ ਹੋਇਆ, ਸਮੁੰਦਰ ਖਾਰਾ ਹੋ ਗਿਆ ਆਦਿ। ਇਸ ਵਿਚ ਵਾਹਿਗੁਰੂ ਨਾਰਾਇਣ ਦਾ ਕੋਈ ਦੋਸ਼ ਨਹੀਂ, 'ਦੁਕ੍ਰਿਤੁ' 'ਸੁਕ੍ਰਿਤੁ' (ਮੰਦਾ ਚੰਗਾ, ਪਾਪ ਪੁੰਨ) ਤਾਂ 'ਥਾਰੋ' (ਸਭ ਕੁਝ) ਮਨੁਖ ਦੀਆਂ ਕਰਤੂਤਾਂ (ਕੰਮਾਂ, ਕਰਮਾਂ) ਕਰਕੇ ਹੈ, ਸੋ ਸਪਸ਼ਟ ਰੂਪ ਵਿਚ ਭਗਤ ਜੀ 'ਜੇਹਾ ਕਰੋਗੇ ਤੇਹਾ ਭਰੋਗੇ' ਦਾ 'ਕਰਮ ਸਿਧਾਂਤ' ਦਰਸਾਉਂਦੇ ਹਨ।

ਗੂਜਰੀ ਰਾਗ ਦੇ ਦੂਜੇ ਸ਼ਬਦ (ਅੰਤਿ ਕਾਲਿ ਜੋ ਲਛਮੀ) ਵਿਚ ਭਗਤ ਜੀ 'ਕਰਮੁ' ਦਾ ਸੂਖਮ ਤੇ ਡੂੰਘੇਰਾ ਭਾਵ 'ਪੂਰਬਲੋ ਕ੍ਰਿਤ ਕਰਮੁ ਨ ਮਿਟੈ....' ਪਖ ਸਮਝਾਉਂਦੇ ਹਨ। ਭਗਤ ਜੀ ਮਾਨਵ ਦਾ 'ਗੁਣਵਾਚੀ' ਪੈਮਾਨਾ ਸਾਹਮਣੇ ਰਖ ਕੇ ਉਸ ਨੂੰ ਬਿਰਤੀ, ਚੇਤਨਾ ਜਾਂ ਸੋਚ-ਪਧਰ 'ਤੇ ਚਿਤਰਦੇ ਹਨ, ਕਿਉਂਕਿ ਮਨੁਖ ਉਹੀ ਹੈ, ਜਿਹੜਾ ਬਿਰਤੀ ਕਰਕੇ ਮਨੁਖ ਦੇ 'ਹਾਣ' ਦਾ ਹੈ। ਕਈਆਂ ਦੀ ਸ਼ਕਲ ਸੂਰਤ ਭਾਵੇਂ ਮਨੁਖਾਂ ਦੀ ਹੈ, ਪਰ ਬਿਰਤੀ ਕਰਕੇ ਪਸ਼ੂਆਂ ਤੋਂ ਵੀ ਨੀਵੇਂ ਹਨ। ਭਗਤ ਜੀ ਕਹਿੰਦੇ ਹਨ ਕਿ ਜਿਹੜੇ ਮਨੁਖ, ਅੰਤਿ ਕਾਲ ਤਕ (ਮਰਨ ਸਮੇਂ ਤਕ) ਆਪਣੀ ਸੁਰਤੀ-ਬਿਰਤੀ ਦਾ ਪਧਰ ਧਨ-ਦੌਲਤਾਂ (ਲਛਮੀ) ਦੇ ਹਾਣ ਦੀ ਕਰ ਲੈਣਗੇ, ਉਹ ਅਗਲਾ ਸਰੀਰ 'ਸੱਪ' ਦਾ ਲੈਣਗੇ, ਕਿਉਂਕਿ ਉਹ 'ਬਿਰਤੀ' ਕਰਕੇ 'ਸੱਪ' ਦੇ ਹੀ ਹਾਣੀ ਹਨ। ਸਾਰੀ ਉਮਰ (ਅੰਤ ਕਾਲ ਤਕ) 'ਇਸਤ੍ਰੀ', (ਭਾਵ ਕਾਮੀ ਚੇਤਨਾ) ਚਿਤਵਨ ਵਾਲਿਆਂ ਦੀ ਚੇਤਨਾ, ਭਵਿਖ ਵਿਚ ਬੇਸਵਾ ਜੂਨੀ ਹੀ ਧਾਰੇਗੀ। ਕੁਟੰਬ ਜਾਂ ਪਦਾਰਥਕ ਪਸਾਰਿਆਂ ਵਿਚ ਗੁਸੀ ਚੇਤਨਾ-ਬਿਰਤੀ ਦੇ ਧਾਰਨੀਆਂ ਦੀ ਬਿਰਤੀ (ਅਸਲ ਵਿਕਾਸ) 'ਸੂਕਰ', 'ਪ੍ਰੇਤਾਂ' ਦੇ ਹਾਣ ਦੀ ਹੀ ਹੈ। ਅਗਲਾ ਸਰੀਰ ਇਨ੍ਹਾਂ ਨੂੰ ਇਨ੍ਹਾਂ ਦੀ 'ਸੋਚ ਪਧਰ' ਦਾ ਹੀ ਮਿਲੇਗਾ। ਪਰ ਜਿਹੜੇ ਆਪਣੀ ਸੁਰਤਿ-ਬਿਰਤੀ ਦਾ ਪਧਰ ਪਰਮ-ਚੇਤਨਾ ਦੇ ਹਾਣ ਦੀ ਕਰ ਲੈਂਦੇ ਹਨ, ਉਨ੍ਹਾਂ ਯਕੀਨਨ ਹੀ ਉਸੇ ਵਿਚ ਸਮਾਅ ਜਾਣਾ ਹੈ, ਕਿਉਂਕਿ ਉਹ ਦੇਖਣ ਨੂੰ ਤਾਂ ਇਨਸਾਨ ਜਾਂ ਮਨੁਖੀ ਸਰੀਰ ਹਨ, ਪਰ ਚੇਤਨਾ ਬਿਰਤੀ ਕਰਕੇ 'ਬ੍ਰਹਮ' ਹੀ ਹਨ।[42] ਪਰਮਤਤ ਵਿਚ ਸਮਾਉਣ ਵਾਲੇ 'ਮੁਕਤਿ' ਹੋ ਜਾਂਦੇ ਹਨ ਕਿਉਂਕਿ ਪੀਤੰਬਰ ਆਪ 'ਮੁਕਤ' ਹੈ।

*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥*



Digitized by Panjab Digital Library / www.panjabdigilib.org

(ਪੰਨਾ-੫੨੬)

ਸੋ ਉਪਰੋਕਤ ਵਿਚਾਰ ਤੋਂ ਸਪਸ਼ਟ ਹੈ ਕਿ ਭਗਤ ਜੀ 'ਜਿਹਾ ਕਰੋਗੇ ਤਿਹਾ ਭਰੋਗੇ' ਦੇ ਕਰਮ-ਪ੍ਰਬੰਧ ਨਾਲ ਕਰਮ ਦਾ ਸਬੰਧ ਮਨੁਖ ਦੀ ਮਾਨਸਿਕ ਜਾਂ ਚੇਤਨਾ ਬਿਰਤੀ ਨਾਲ ਜੋੜਦੇ ਹਨ। ਇਸ 'ਪੂਰਬਲੇ ਕਰਮ' ਕਰਕੇ ਜਿਹੜਾ ਕੋਈ, ਜਿੰਨੀ ਵੀ ਚੇਤਨਾ ਦਾ ਪਧਰ, ਜਿਥੇ ਤਕ ਲੈ ਗਿਆ ਸੀ, ਹੁਣ ਉਸੇ ਦਾ ਫਲ (ਜੂਨੀ) ਭੋਗ ਰਿਹਾ ਹੈ ਅਤੇ ਹੁਣ ਜਿਥੇ ਤਕ ਲੈ ਜਾਵੇਗਾ, ਤਿਹੋ ਜਿਹਾ 'ਫਲ' (ਜੂਨੀ) ਲੈ ਜਾਵੇਗਾ। ਗੁਰਬਾਣੀ ਵਿਚ ਇਸ 'ਕਰਮ ਸਿਧਾਂਤ' ਦੇ ਪ੍ਰਬੰਧ (ਹੁਕਮ) ਦੀ ਪੁਸ਼ਟੀ ਕਈ ਥਾਂ ਕੀਤੀ ਗਈ ਹੈ:

*ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ॥*

(ਪੰਨਾ-੩੦੯)

*ਜੇਹੀ ਸੁਰਤਿ ਤੇਹੈ ਰਾਹਿ ਜਾਇ॥*

(ਪੰਨਾ-੬੬੨)

*ਜੈਸਾ ਸੇਵੈ ਤੈਸੋ ਹੋਇ॥*

(ਪੰਨਾ-੨੨੩)

### *(4) ਮਨੁਖੀ ਜੀਵਨ ਦਾ ਉਦੇਸ਼ ਅਤੇ ਇਸ ਦੇ ਪ੍ਰਾਪਤੀ ਦੇ ਸਾਧਨ*

#### *(ੳ) ਉਦੇਸ਼*

ਭਗਤ ਜੀ ਅਨੁਸਾਰ ਮਨੁਖੀ ਜੀਵਨ ਦਾ ਅਸਲ ਉਦੇਸ਼ ਬ੍ਰਹਮ ਚੀਨ੍ਹਣਾ ਹੈ, ਵਾਹਿਗੁਰੂ ਦਾ ਮਿਲਾਪ ਕਰਨਾ ਹੈ। ਇਸੇ ਕਰਕੇ ਹੀ ਉਹ ਭੇਖੀ ਤੇ ਕਪਟ ਨਰਾਂ ਨੂੰ ਦਿਖਾਵੇ ਵਾਲਾ ਜੀਵਨ ਤਿਆਗ ਕੇ ਅਸਲੀ 'ਤਤ' ਪਾਉਣ ਦੀ ਤਾਕੀਦ ਕਰਦੇ ਹਨ। ਭਗਤ ਜੀ ਦੇ ਸਾਹਮਣੇ ਉਸ ਪਤਨਮੁਖੀ ਮਨੁਖ ਦਾ ਮਸਲਾ ਹੈ, ਜਿਹੜਾ ਸਦੀਆਂ ਤੋਂ ਪਲੀਤ-ਸੰਸਕਾਰਾਂ ਦਾ ਗੁੰਮਰਾਹ ਕੀਤਾ ਹੋਇਆ ਆਪਣੇ ਅਸਲੇ 'ਜੋਤਿ' ਸਰੂਪ ਨੂੰ ਭੁਲ ਕੇ ਫਜ਼ੂਲ ਦੇ ਝੂਠੇ ਕਰਮ-ਕਾਂਡਾਂ, ਤੀਰਥ ਯਾਤਰਾਵਾਂ, ਮਾਇਆ, ਕੁਟੰਬ ਦੇ ਕੂੜ-ਪਸਾਰਿਆਂ ਵਿਚ ਗ੍ਰਸਿਆ ਹੋਇਆ ਹੈ। ਸੋ ਜੀਵਨ ਦਾ ਅਸਲ ਉਦੇਸ਼ ਇਨ੍ਹਾਂ ਭੇਖਾਂ ਤੇ ਮਾਇਕ ਜੰਜਾਲਾਂ ਤੋਂ 'ਮੁਕਤ' ਹੋ ਕੇ 'ਪੀਤੰਬਰੁ' ਨੂੰ ਰਿਦੈ ਵਿਚ ਵਸਾਉਣਾ ਹੈ :

*ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥*

(ਪੰਨਾ-੫੨੫)

*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥*

(ਪੰਨਾ-੫੨੬)

#### *(ਅ) ਸਾਧਨ*

ਮਨੁਖੀ ਜੀਵਨ ਦਾ ਅਸਲ ਉਦੇਸ਼ 'ਬ੍ਰਹਮ ਚੀਨ੍ਹਣਾ' ਜਾਂ ਪਰਮਾਤਮਾ ਦੀ ਪ੍ਰਾਪਤੀ ਕਰਨਾ ਹੈ। ਇਸ ਪਰਮ ਮਨੋਰਥ ਦੀ ਪ੍ਰਾਪਤੀ ਲਈ ਭਗਤ ਜੀ ਸਨਾਤਨੀ ਪ੍ਰੰਪਰਾਵਾਂ ਵਲੋਂ ਦਰਸਾਏ ਗਏ ਸਾਧਨਾਂ (ਵਿਧੀਆਂ) ਨੂੰ ਮੂਲੋਂ ਹੀ ਰਦ ਕਰ ਦਿੰਦੇ ਹਨ। ਪ੍ਰੰਪਾਰਿਕ ਧਾਰਾਵਾਂ ਵਲੋਂ ਮਨੁਖੀ ਜੀਵਨ ਦੇ ਅੰਤਿਮ ਮਨੋਰਥ ਦੀ ਪ੍ਰਾਪਤੀ ਲਈ ਸੰਨਿਆਸੀ ਬਣਨਾ, ਸਰੀਰ ਤੇ ਮਸਾਣਾਂ ਦੀ ਸੁਆਹ ਮਲਣੀ, ਗਿਣਤੀ ਦੇ ਜਪ-ਤਪ ਕਰਨੇ, ਹਠ ਆਦਿ ਦੀ ਬੜੀ ਮਹਾਨਤਾ ਹੈ। ਭਗਤ ਜੀ ਅਜਿਹੇ ਕੰਮਾਂ ਨੂੰ ਸਿਵਾਏ ਪਾਣੀ ਰਿੜਕਣ ਦੇ[43], ਹੋਰ ਕੁਝ



Digitized by Panjab Digital Library | www.panjabdigilib.org

ਨਹੀਂ ਸਮਝਦੇ। ਭਗਤ ਜੀ ਆਪਣੀ ਬਾਣੀ ਵਿਚ ਪ੍ਰਮੁਖ ਤੌਰ ਉੱਤੇ 'ਤਿੰਨ' ਸਾਧਨਾਂ ਦਾ ਸੰਕੇਤ ਕਰਦੇ ਹਨ :

(1) ਨੈਤਿਕਵਾਦੀ

(2) ਬੌਧਿਕਵਾਦੀ

(3) ਅਧਿਆਤਮਵਾਦੀ

*1) ਨੈਤਿਕ*

ਭਗਤ ਜੀ ਅਨੁਸਾਰ ਜੀਵਨ ਮਨੋਰਥ ਦੀ ਪ੍ਰਾਪਤੀ ਦੇ ਰਾਹ ਵਿਚ ਪਹਿਲਾ ਤੇ ਵਡਾ ਕੰਮ ਸੱਚਾ-ਸੁੱਚਾ ਨੈਤਿਕਵਾਦੀ ਜੀਵਨ ਹੈ। 'ਮਨ ਦੀ ਸੁਚਮਤਾ' ਵਿਚ ਹੀ ਨਿਰਮਲ ਪ੍ਰਭੂ ਦਾ ਵਾਸਾ ਹੋ ਸਕੇਗਾ। ਜੇਕਰ 'ਅੰਤਰੁ ਮਲੁ' ਨੂੰ 'ਨਿਰਮਲੁ' (ਸਾਫ਼) ਨਹੀਂ ਕੀਤਾ ਗਿਆ ਤਾਂ ਸੰਨਿਆਸੀਆਂ ਆਦਿਕ ਦੇ ਬਾਹਰੀ ਭੇਖਾਂ ਨਾਲ ਜੀਵਨ ਮਨੋਰਥ ਦੀ ਪ੍ਰਾਪਤੀ ਨਹੀਂ ਹੋਣ ਲਗੀ। ਅੰਦਰ ਕਾਮ, ਕ੍ਰੋਧ, ਤ੍ਰਿਸ਼ਨਾਵਾਂ, ਵਡਿਆਈਆਂ, ਕਬਜ਼ਿਆਂ ਆਦਿਕ ਦੀ ਮੈਲ ਸਾਫ਼ ਕਰਕੇ ਹੀ ਬ੍ਰਹਮ ਚੀਨ੍ਹਿਆ ਜਾ ਸਕਦਾ ਹੈ :

***ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥***

(ਪੰਨਾ-੫੨੫)

*2) ਬੌਧਿਕ*

ਜਦ ਤਕ ਮਨੁਖ ਨੂੰ ਇਹ 'ਸੋਝੀ' ਹੀ ਨਹੀਂ ਮਿਲਦੀ ਕਿ ਉਸਦੇ ਜੀਵਨ ਦਾ ਪਰਮ ਮਨੋਰਥ ਕੀ ਹੈ ਅਤੇ ਕਿਵੇਂ ਪ੍ਰਾਪਤ ਹੋਵੇਗਾ? ਤਦ ਤਕ ਉਹ 'ਭੂਮਿ ਮਸਾਣ ਕੀ' 'ਸੁਆਹ' ਆਦਿ ਨਾਲ ਹੀ ਗੁੰਮਰਾਹ ਹੁੰਦਾ ਰਹੇਗਾ। ਇਸੇ ਕਰਕੇ ਹੀ ਭਗਤ ਜੀ 'ਗੁਰ ਗਿਆਨ' (ਸ੍ਵੈ-ਅੰਤਰ ਵਸੇ ਨਿਰੰਕਾਰ ਦੀ ਸੋਝੀ, ਚੇਤਨਾ) ਨੂੰ 'ਤਤ' ਪ੍ਰਾਪਤੀ ਦਾ ਸਾਧਨ ਦਸ ਰਹੇ ਹਨ :

***ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥***

(ਪੰਨਾ-੫੨੬)

ਇਸ ਕਥਨ ਰਾਹੀਂ, ਭਗਤ ਜੀ ਉਨ੍ਹਾਂ ਨਿਰਬਲ, ਨਿਰਾਰਥਕ ਪ੍ਰੰਪਰਾਵਾਂ ਨੂੰ ਸੰਬੋਧਿਤ ਹਨ, ਜਿਹੜੀਆਂ ਬਾਹਰੀ ਦਿਖਾਵਿਆਂ ਦੀ ਨੁਮਾਇਸ਼ ਲਗਾ ਕੇ, ਰੂਹਾਨੀਅਤ ਦੇ 'ਅੱਡੇ' ਸਥਾਪਿਤ ਕਰਕੇ, 'ਮੁਕਤੀ' ਦੇ 'ਗਰੰਟੀ ਪਤਰ' ਦਿੰਦੀਆਂ ਹਨ ਤੇ ਮਾਨਵਤਾ ਨੂੰ ਗੁੰਮਰਾਹ ਕਰਦੀਆਂ ਹਨ। ਭਗਤ ਜੀ 'ਗਿਆਨ' (ਗੁਰ) ਦੀ ਪੈਰਵੀ ਕਰਦੇ ਹੋਏ ਇਨ੍ਹਾਂ ਦਿਖਾਵੇਵਾਦੀ ਗੁੰਮਰਾਹਕੁੰਨ ਪ੍ਰੰਪਰਾਵਾਂ ਦੇ 'ਗਰੰਟੀ ਪਤਰਾਂ' (ਭਗਵੇਂ ਵੇਸ, ਸੰਨਿਆਸੀ ਬਾਣੇ, ਪਿੰਡੇ 'ਤੇ ਸਆਹ, ਖਿੰਥਾ, ਮੁੰਦਰਾਂ ਆਦਿ) ਨੂੰ ਰਦ ਕਰਦੇ ਹਨ।

*3) ਅਧਿਆਤਮ*

ਮਾਨਵ ਜੀਵਨ ਦੇ ਅਸਲ ਤੇ ਪਰਮ ਮਨੋਰਥ ਦੀ ਪ੍ਰਾਪਤੀ ਦਾ ਅਸਲ ਤੇ ਅਹਿਮ ਸਾਧਨ 'ਨਿਰਬਾਣ ਪ੍ਰਭੂ ਦਾ ਸਿਮਰਨ ਹੈ :

***ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ॥***

(ਪੰਨਾ-੫੨੬)

ਵਿਸ਼ੇਸ਼ ਗਲ ਇਹ ਹੈ ਕਿ ਭਗਤ ਜੀ 'ਵਾਸ਼ਨਾ ਰਹਿਤ' (ਨਿਰਬਾਣ) ਵਾਹਿਗੁਰੂ ਦੇ



Digitized by Panjab Digital Library | www.panjabdigilib.org

ਸਿਮਰਨ, ਚਿੰਤਨ ਜਾਂ ਉਪਾਸਨਾ ਲਈ ਸਮੇਂ, ਸਥਾਨ ਤੇ ਸਥਿਤੀ ਤੋਂ ਉਪਰ ਦੀ ਗਲ ਕਰ ਰਹੇ ਹਨ। ਭਗਤ ਤ੍ਰਿਲੋਚਨ ਜੀ ਅਨੁਸਾਰ ਅੰਤਿ ਕਾਲ ਤਕ, ਭਾਵ ਸਾਰੀ ਉਮਰ ਉਸ ਦਾ ਸਿਮਰਨ ਕਰਨ ਵਾਲਿਆਂ ਦੇ ਹੀ 'ਪੀਤੰਬਰੁ' ਰਿਦੈ ਵਸ ਸਕਦਾ ਹੈ। ਭਾਵ ਉਹੀ ਮਿਲਾਪ ਕਰ ਸਕਦੇ ਹਨ- :

*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥*

(ਪੰਨਾ-੫੨੬)

ਭਗਤ ਤ੍ਰਿਲੋਚਨ ਜੀ ਦੁਆਰਾ ਜੋ ਮਾਨਵ ਜੀਵਨ ਦਾ ਉਦੇਸ਼ ਤੇ ਪ੍ਰਾਪਤੀ ਦਾ ਢੰਗ ਦਸਿਆ ਹੈ, ਇਹ ਬਿਲਕੁਲ ਗੁਰਬਾਣੀ ਦੀ 'ਗੁਰਮਤਿ ਸੁਰ' ਨਾਲ ਮੇਲ ਖਾਂਦਾ ਹੈ:

***(i) ਉਦੇਸ਼***

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*

(ਪੰਨਾ-੧੨)

***(ii) ਪ੍ਰਾਪਤੀ ਸਾਧਨ***

*ਨੈਤਿਕ : ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*

(ਪੰਨਾ-੪੬੮)

*ਬੌਧਿਕ : ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ॥*

(ਪੰਨਾ-੧੨੪)

*ਅਧਿਆਤਮ : ਕਹੁ ਨਾਨਕੁ ਇਹੁ ਤਤੁ ਬੀਚਾਰਾ॥*
*ਬਿਨੁ ਹਰਿ ਭਜਨ ਨਹੀ ਛੁਟਕਾਰਾ॥*

(ਪੰਨਾ-੧੮੮)

ਸੋ ਪਿਛਲੇਰੇ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਭਗਤ ਜੀ ਦੀ ਵਿਚਾਰਧਾਰਾ ਨਿਰੋਲ ਨਿਰਗੁਣਵਾਦੀ, ਉਚ ਆਤਮਿਕ 'ਧੁਰ' ਤੋਂ ਨਿਕਲੀ ਹੋਈ, ਗੁਰਬਾਣੀ ਪ੍ਰਵਾਹ ਦਾ ਇਕ ਅਨਿਖੜਵਾਂ ਅੰਗ ਹੈ।

***3.2 ਭਗਤ ਜੀ ਦੀ ਬਾਣੀ ਦਾ ਕਲਾ ਪਖ :***

ਗਿਣਤੀ ਤੇ ਅਕਾਰ ਪਖੋਂ ਭਗਤ ਜੀ ਦੀ ਬਾਣੀ ਅਤਿ ਥੋੜੇ ਰੂਪ ਵਿਚ (ਕੇਵਲ ੪ ਸ਼ਬਦ) ਹੋਣ ਕਰਕੇ, ਇਨ੍ਹਾਂ ਦਾ ਕਾਵਿ-ਸ਼ਾਸਤਰੀ ਅਧਿਐਨ ਤਾਂ ਸੰਭਵ ਨਹੀਂ, ਪਰ ਫਿਰ ਵੀ ਭਗਤ ਜੀ ਨੇ ਪਰਮ ਚੇਤਨਾ, ਇਸ ਦਾ ਸਰੂਪ, ਮਾਨਵ ਚੇਤਨਾ ਦੇ ਪਧਰ, ਮਨੋਰਥ, ਸਾਧਨਾਂ ਆਦਿ ਦੇ ਗਹਿਰ-ਗੰਭੀਰ ਸਵਾਲਾਂ ਨੂੰ ਬੜੇ ਸਹਿਜ ਅਤੇ ਸਰਲ ਤਰੀਕੇ ਨਾਲ ਪ੍ਰਗਟਾਇਆ ਹੈ। ਇਕ ਪਾਸੇ ਇਸ ਪ੍ਰਗਟਾਅ ਢੰਗ ਦਾ ਸਬੰਧ ਭਾਰਤ ਦੇ ਲੰਮੇ ਪੁਰਾਣਿਕ ਇਤਿਹਾਸ ਨਾਲ ਜਾ ਜੁੜਦਾ ਹੈ ਅਤੇ ਦੂਸਰੇ ਪਾਸੇ ਸੰਤ ਭਾਸ਼ਾ ਤੇ ਮਰਾਠੀ ਭਾਸ਼ਾ (ਤਾ ਚੇ, ਮਫੀਟਸਿ, ਨਦੀ ਚੇ ਨਾਥੰ) ਦੇ ਪ੍ਰਭਾਵ ਹੇਠ ਰਚਿਤ ਇਨ੍ਹਾਂ ਦੇ ਸ਼ਬਦਾਂ ਨੇ ਇਲਾਕਾਈ ਰੰਗ, ਸਮਕਾਲੀਨ ਜਨ-ਮਾਨਸ ਤੇ ਸਮਾਜ ਦਾ ਇਕ 'ਸ਼ਬਦ ਚਿਤਰ' ਪੇਸ਼ ਕਰਕੇ ਭਾਰਤ ਦੇ 14ਵੀਂ ਸਦੀ ਦੇ ਮਾਨਵ ਦੀ ਠੋਸ



Digitized by Panjab Digital Library | www.panjabdigilib.org

ਹਕੀਕਤ ਸਾਹਮਣੇ ਪੇਸ਼ ਕਰ ਦਿਤੀ ਹੈ।

ਇਥੇ ਭਗਤ ਜੀ ਦੇ 'ਕਲਾ-ਗਿਆਨ' ਨੂੰ ਸਿਰਫ਼ ਸੰਕੇਤਕ ਹੀ ਕੀਤਾ ਜਾ ਰਿਹਾ ਹੈ।

**(ੳ) ਸ਼ਬਦਾਵਲੀ/ਸੰਕੇਤ**

ਯੋਗੀਆਂ ਨਾਲ ਸਬੰਧਿਤ : ਕਮਲਾ (ਕੰਵਲ), ਖਿੰਥਾ, ਮੁੰਦਾ, ਭਸਮ, ਮਸਾਣ, ਕਾਮੰਡਲ, ਅਠਸਠਿ ਆਦਿ।

ਹਿੰਦੂ ਮਿਥਿਹਾਸ ਨਾਲ ਸਬੰਧਤ ਸੰਕੇਤ :[43] ਜਮ, ਧਰਮਰਾਓ, ਲਖ ਚਉਰਾਸੀਹ, ਲਛਿਮੀ, ਸੰਕਰ, ਸੁਰਸਰੀ, ਸਾਰਗਪਾਨ, ਗਰੁੜ, ਅਰੁਣ, ਤ੍ਰਿਭਵਣ ਨਾਥ (ਸ਼ਿਵ), ਸਸੀਅ, ਧੇਨ, ਕਲਪਤਰ, ਸਿਖਰਿ, ਸੁਨਗਰ, ਰਾਵਣ, ਬਿਸਲਿ ਆਦਿ।

(ਅ) ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਜਾ ਚੁਕਾ ਹੈ ਕਿ ਆਪ ਦੀ ਰਚਨਾ ਉਪਰ ਮਰਾਠੀ ਭਾਸ਼ਾ, ਸੰਤ ਭਾਸ਼ਾ ਤੇ ਇਲਾਕਾਈ ਰੰਗ ਦੀ ਪਾਣ ਚੜ੍ਹੀ ਹੋਈ ਹੈ। ਆਪ ਦੁਆਰਾ ਵਰਤੇ ਗਏ ਸ਼ਬਦਾਂ ਦੇ ਦੋ-ਦੋ ਵਿਆਕਰਣਕ ਰੂਪ ਮਿਲ ਜਾਂਦੇ ਹਨ, ਪਰ ਇਹ ਅਚੇਤ ਰੂਪ ਵਿਚ ਹੀ ਵਰਤੇ ਗਏ ਹਨ ਜਿਵੇ;

ਕਮਲਾ-ਕਮਲੁ, ਆਇ-ਆਇਓਹਿ, ਆਗਲੜਾ-ਆਗਲੜੈ, ਸੰਸਾਰ-ਸੰਸਾਰੰ, ਸਸਿ-ਸਸੀਅ, ਸਿਮਰਹੁ-ਸਿਮਰੈ, ਕਰਮ-ਕਰਮੁ, ਘਰ-ਘਰਿ, ਨਰ-ਨਰਾ, ਨਾਥੁ-ਨਾਥੰ, ਨਾਮੁ-ਨਾਮੰ, ਨਾਰਾਇਣ-ਨਾਰਾਇਣਾ-ਨਾਰਾਇਣੁ, ਬਿਸਰਿ-ਬਿਸਰੇ, ਰਾਮ-ਰਮਈਆ ਆਦਿ।

ਇਨ੍ਹਾਂ ਦੀ ਬਾਣੀ ਵਿਚ ਸ਼ਬਦਾਂ ਦੀ ਨਾਂਵੀ (Noun) ਪੜਨਾਂਵੀ (Pronoun) ਵਰਤੋਂ ਨਾਲੋਂ ਕ੍ਰਿਆਵੀ ਰੂਪਾਂ ਦੀ ਬਹੁਤਾਤ ਹੈ। ਜਿਵੇਂ ਕੀਨਾ, ਚੀਨਾ, ਭਇਆ, ਭੂਲੀ, ਚੀਨ੍ਹਿਆ, ਖਾਇਆ, ਬਧਾਇਆ, ਪਾਇਆ, ਲਗਾਈ, ਜਪਹੁ, ਤਪਹੁ, ਬਿਲੋਵਹੁ, ਸਿਮਰਹੁ, ਉਪਾਈ, ਫਿਰਾਹੀ ਆਦਿ।

(ੲ) ਭਗਤ ਜੀ ਨੇ ਪ੍ਰਤੀਕ ਪ੍ਰਕ੍ਰਿਤੀ, ਮਿਥਿਹਾਸ ਅਤੇ ਸਮਾਜ ਵਿਚੋਂ ਲਏ ਹਨ। ਪ੍ਰਕ੍ਰਿਤੀ ਵਿਚੋਂ ਕਮਲ (ਮਨੁਖੀ ਹਿਰਦੇ ਦੇ ਖਿੜਾਵ ਤੇ ਹਉਂ ਭਰੇ ਦਾ ਪ੍ਰਤੀਕ), ਰਵਿ (ਦਿਨ ਦਾ), ਸਸਿ (ਰਾਤ ਦਾ) ਆਦਿ ਵਰਤੇ ਹਨ। ਵੈਸੇ ਵੀ ਭਗਤ ਜੀ ਦਾ ਸੁਹਜਭਾਵੀ ਹਿਰਦਾ ਪ੍ਰਕ੍ਰਿਤੀ ਵਿਚੋਂ ਕਈ ਸ਼ਬਦ ਵਣਿ, ਤ੍ਰਿਣਿ, ਕਣ, ਦੀਪਕੁ, ਬਣ ਆਦਿ ਲੈਂਦਾ ਹੈ। ਮਿਥਿਹਾਸ ਵਿਚੋਂ ਵਰਤੇ ਚਿੰਨ੍ਹ (ਪ੍ਰਤੀਕ ਨਹੀਂ) ਅਰੁਣ, ਸ਼ੰਕਰ, ਸੁਨਾਗਰ ਆਦਿ 'ਕਰਮ ਫਲ' ਸਿਧ ਕਰਨ ਲਈ ਪੌਰਾਣਿਕ ਕਥਾਵਾਂ ਦੇ ਆਧਾਰ ਰੂਪ ਹਨ। ਗੂਜਰੀ ਰਾਗ ਦੇ ਦੂਸਰੇ ਸ਼ਬਦਾਂ ਵਿਚ ਭਗਤ ਜੀ ਸਮਾਜ ਦੇ ਰਿਸ਼ਤਿਆਂ ਨੂੰ ਪ੍ਰਤੀਕ ਰੂਪ ਵਿਚ ਲੈ ਕੇ ਆਪਣੇ ਭਾਵਾਂ ਦਾ (ਮਨੁਖੀ ਬਿਰਤੀ ਦੇ ਭਾਵਾਂ ਦਾ) ਸੰਚਾਰ ਕਰਦੇ ਹਨ, ਜਿਵੇਂ ਇਸਤ੍ਰੀ (ਕਾਮ ਬਿਰਤੀ ਦਾ ਪ੍ਰਤੀਕ), ਲੜਿਕੇ (ਕੁਟੰਬ ਪਸਾਰੇ ਦੀ ਹਬਸ਼), ਮੰਦਰ (ਧਨ-ਦੌਲਤਾਂ, ਮਹਿਲ-ਮਾੜੀਆਂ ਦਾ), ਗੇਹਣਿ (ਜੀਵ, ਜਿੰਦ ਦਾ) ਆਦਿ।

(ਸ) ਭਗਤੀ ਦੀ ਤੀਬਰ ਵੇਗ ਵਿਚੋਂ ਨਿਕਲੀ ਇਸ ਆਤਮਿਕ ਅਨੰਦਮਈ ਬਾਣੀ ਦਾ ਅਸਲ 'ਰਸ' ਤਾਂ 'ਭਗਤੀ ਰਸ' ਜਾਂ 'ਅਨੰਦ ਰਸ' ਹੀ ਹੈ, ਪਰ 'ਰਸ' ਦੇ ਸਾਸ਼ਤ੍ਰੀ-ਸਿਧਾਂਤਾਂ ਦੁਆਰਾ ਸਥਾਪਿਤ ਕੀਤੇ, ਰਸਾਂ (ਸ਼ਿੰਗਾਰ, ਹਾਸ, ਕਰੁਣਾ, ਰੌਦਰ, ਬੀਰ, ਵੀਭਤਸ, ਅਦਭੁਤ, ਭਿਆਨਕ ਅਤੇ ਸ਼ਾਂਤ) ਵਿਚੋਂ ਸ਼ਿੰਗਾਰ ਅਤੇ ਭਿਆਨਕ ਆਦਿ ਰਸਾਂ ਦੀ ਨਿਸ਼ਾਨਦੇਹੀ ਹੋ ਜਾਂਦੀ ਹੈ (ਭਾਵੇਂ ਇਹ ਮਿਸ਼ਰਤ ਰੂਪ ਜਿਹੇ ਹਨ) ਜਿਵੇਂ;

***ਸ਼ਿੰਗਾਰ - ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ॥***



Digitized by Panjab Digital Library | www.panjabdigilib.org

(ਪੰਨਾ-੬੨)

*ਭਿਆਨਕ - ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ॥*

(ਪੰਨਾ-੬੨)

*ਇਤਿਹਾਸਕ ਅੰਸ਼*

(ਹ) ਇਸ ਗਲ ਵਿਚ ਰਤਾ ਵੀ ਸ਼ਕ ਨਹੀਂ ਕਿ ਭਗਤ ਜੀ ਦੀ ਰਚਨਾ ਦਾ ਵਿਸ਼ਾ (ਬਾਣੀ ਦਾ ਉਦੇਸ਼) ਇਤਿਹਾਸ ਨਹੀਂ, ਭਗਤੀ-ਭਾਵ ਜਾਂ ਮਾਨਵ ਜੀਵਨ ਦੇ ਰਾਹ ਖੋਲ੍ਹਣਾ ਹੈ. ਪਰ ਫਿਰ ਵੀ ਹਰ 'ਰਚਨਾ' ਸਮਕਾਲੀਨ ਸਮਾਜ ਤੋਂ ਅਭਿਜ ਨਹੀਂ ਹੁੰਦੀ। ਭਗਤ ਜੀ ਦੀ ਬਾਣੀ ਵਿਚ ਕਿਸੇ ਇਕ 'ਜੈ ਚੰਦ' ਨਾਮੀ ਪੰਡਿਤ (ਵਿਦਵਾਨ) ਦਾ ਹਵਾਲਾ ਹੈ (ਭਾਵੇਂ ਇਸ ਦਾ ਅਤਾ-ਪਤਾ ਕਿਤੋਂ ਮਾਲੂਮ ਨਹੀਂ), ਜਿਸ ਤੋਂ ਇਨ੍ਹਾਂ ਦੇ ਸੰਵੇਦੀ ਸੁਭਾਵ ਤੇ ਵਿਦਵਾਨਾਂ ਨਾਲ ਹੁੰਦੀਆਂ ਚਰਚਾਵਾਂ (ਗੋਸ਼ਟੀਆਂ) ਦਾ ਪਤਾ ਚਲਦਾ ਹੈ। ਭਗਤ ਜੀ ਦਾ ਸਮਕਾਲੀ ਸਮਾਜ ਭੇਖਾਂ, ਅਡੰਬਰਾਂ ਦੇ ਕੂੜ ਵਰਤਾਰਿਆਂ ਦਾ ਸ਼ਿਕਾਰ ਹੈ, ਅਜਿਹੇ ਤਿੰਨ ਭੇਖਾਂ ਦਾ ਸੰਕੇਤ ਇਨ੍ਹਾਂ ਦੀ ਬਾਣੀ ਵਿਚ ਮਿਲਦਾ ਹੈ, ਸੰਨਿਆਸੀ, ਉਦਾਸੀ ਤੇ ਕਾਪੜੀਏ ਆਦਿ।

ਸਾਰ : ਪਿਛਲੇਰੇ ਸੰਖੇਪ ਵਿਸ਼ਲੇਸ਼ਣ ਤੋਂ ਸ਼ਪਸ਼ਟ ਹੈ ਕਿ ਭਗਤ ਜੀ ਦੀ ਬਾਣੀ ਆਪਣੇ ਸਿਧਾਂਤਿਕ ਤੇ ਕਲਾ ਰੂਪ ਵਿਚ ਇਕ ਉਤਮ ਦਰਜੇ ਦੀ ਕਿਰਤ ਹੈ, ਇਹ ਭਗਤੀ ਭਾਵਨਾ ਵਿਚ ਧੁਰ ਡੂੰਘ ਤਕ ਅਪੜ ਕੇ ਪੈਦਾ ਹੋਏ ਅਗੰਮੀ ਬੋਲ ਹਨ (ਧੁਰ ਕੀ ਬਾਣੀ)। ਭਗਤ ਜੀ ਦੇ ਅਧਿਆਤਮਕ ਅਨੁਭਵ ਦੇ ਇਸ ਕਾਵਿ-ਮਈ ਪ੍ਰਗਟਾਵੇ ਵਿਚੋਂ ਭਾਵੇਂ ਦ੍ਵੈਤ ਦਾ ਸ਼ਿਕਾਰ ਬਿਰਤੀਆਂ ਨੂੰ "ਉਚ ਭਾਵ ਜਾਗ੍ਰਤ ਨਹੀਂ ਹੁੰਦੇ", ਪਰ ਪੰਚਮ ਪਾਤਸ਼ਾਹ ਦੀ ਦਿਬ-ਦ੍ਰਿਸ਼ਟੀ ਵਿਚ ਇਹ ਆਤਮਿਕ ਉਚਤਾ ਦੀ 'ਧੁਰ' ਵਿਚੋਂ ਵਗਿਆ ਅੰਮ੍ਰਿਤ ਦਾ ਅਮੁਕ ਸੋਮਾ ਹੈ ਜਿਸ ਦੀ ਠੰਢੀ ਤੇ ਗਿਆਨਮਈ (ਸਿਧਾਂਤਕ) 'ਸੀਰਤ' ਵਿਚੋਂ ਮਾਨਵ ਸਦੀਆਂ ਦੀ 'ਗੁਲਾਮੀ ਤੇ ਬੰਦਨਾਂ' ਤੋਂ ਮੁਕਤੀ ਪ੍ਰਾਪਤ ਕਰਦਾ ਆਪਣੇ ਅਸਲੇ ਨੂੰ ਮਾਣਦਾ ਰਹੇਗਾ ਤਾਂ ਹੀ ਉਨ੍ਹਾਂ (ਗਰੂ ਸਾਹਿਬ ਨੇ) ਇਸ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਅਮਰਤਾ ਬਖਸ਼ੀ ਹੈ।

***(ਅ) ਜੀਵਨ/ਵਿਚਾਰਧਾਰਾ ਸ੍ਰੋਤ***


(1) ਸ੍ਰੀ ਗੁਰੂ ਗ੍ਰੰਥ ਸਾਹਿਬ

(2) ਭਾਈ ਗੁਰਦਾਸ ਜੀ

(3) ਪ੍ਰੇਮ ਅਬੋਧ-(ਸੰਪਾ. ਦੇਵਿੰਦਰ ਸਿੰਘ ਉਸਾਹਣ), ਪੰਜਾਬੀ ਯੂਨੀ., ਪਟਿਆਲਾ, 1989

(4) ਗੋਸਟਿ ਸ੍ਰੀ ਨਾਮੇ ਤ੍ਰਿਲੋਚਨ ਜੀ ਕੀ

(5) ਭਾਈ ਦਰਬਾਰੀ ਦਾਸ ਰਚਿਤ ਪਰਚੀਆਂ ਭਗਤਾਂ ਕੀਆਂ

(6) ਪੁਰਾਤਨ ਗੋਸ਼ਟਿ ਸੰਗ੍ਰਹਿ

(7) ਪਰਮਾਰਥ ਸੁਖਮਨੀ ਸਹੰਸ੍ਰਨਾਮਾ

(8) ਭਗਤਿ ਪ੍ਰੇਮਾਕਰਿ-ਕਵੀ ਜਸਾ ਸਿੰਘ




Digitized by Panjab Digital Library | www.panjabdigilib.org

(9) ਭਗਤਿ ਸੁਧਾਸਰ-ਉਦਾਸੀ ਸਾਧੂ ਬਿਧੀ ਦਾਸ

(10) ਭਗਤ ਰਸ ਮੰਜਰੀ

(11) ਭਗਤ ਮਾਲ-ਨਾਭਾ ਦਾਸ

(12) ਪਰਿਚਈ-ਅਨੰਤ ਦਾਸ (ਹਿੰਦੀ)

(13) ਭਗਤਿ ਰਸ ਬੋਧਨੀ ਟੀਕਾ ਭਗਤ ਮਾਲਾ-ਪ੍ਰਿਯਾਦਾਸ (ਹਿੰਦੀ)

(14) ਭਗਤ ਮਾਲਾ ਸਟੀਕ, ਲਾਹੌਰ, ਸਰਾਜਦੀਨ-ਨਾਰਾਇਣ ਸਿੰਘ

(15) ਗੁਰੂ ਭਗਤ ਮਾਲਾ ਸਟੀਕ-ਮਾਘੀ ਰਾਮ, ਅੰਮ੍ਰਿ.

(16) ਪ੍ਰਚੀਆਂ ਪ੍ਰੇਮ ਭਗਤਾਂ ਦੀਆਂ (1756 ਬਿ.)

(17) ਪ੍ਰਚੀ ਧੰਨੇ ਤ੍ਰਿਲੋਚਨ ਕੀ ਹਰੀ ਸਿੰਘ ਅੰਮ੍ਰਿ.

(18) ਪਰਚੀ ਤ੍ਰਿਲੋਚਨ ਜੀ ਕੀ

(19) ਭਗਤ ਰਤਨਾਵਲੀ-ਅਨੰਤਦਾਸ ਰਤਨਾਵਲੀ (1588 ਈ.)

(20) ਦਾਦੂ ਪੰਥ ਦੀ ਸਰਬੰਗੀ, ਰਜਬ ਦੀ (1567-1689)

(21) ਭਗਤਮਾਲਾ-ਜੱਗਾ (1593-1643)

(22) ਭਗਤ ਮਾਲ-ਚੈਨ ਜੀ (1613-1673)

(23) ਮਿਹਰਬਾਨ ਜਨਮਸਾਖੀ

(24) ਗੋਸਟਿ ਗੁਰੂ ਮਿਹਰਬਾਨ (ਸੰਪਾ.) ਡਾ. ਗੋਬਿੰਦਨਾਥ ਰਾਜਗੁਰੂ

(25) ਭਗਤ ਮਾਲ-ਰਾਮ ਦਾਸ (1726-1798)

(26) ਮੱਕੇ ਮਦੀਨੇ ਦੀ ਗੋਸਟਿ

(27) ਮਹਿਮਾ ਪ੍ਰਕਾਸ਼

(28) ਪਰਚੀਆਂ ਭਗਤਾਂ ਕੀਆਂ

(29) ਬਾਣੀ ਬਾਬਾ ਰਾਮਦਾਸ (1807) (ਸੰਪਾ.) ਜਸਬੀਰ ਸਿੰਘਾ ਸਾਬਰ

(30) ਪੋਥੀ ਕੁਸਲ ਦਾਸ (1816 ਈ:)

(31) ਸੈਣ ਸਾਗਰ ਗ੍ਰੰਥ ਆਦਿ ਅਤੇ ਹੋਰ ਅਨੇਕਾਂ

1. (ਸੰਪਾ.) ਦੇਵਿੰਦਰ ਸਿੰਘ ਉਸਾਹਣ, ਪੰਜਾਬੀ ਯੂਨੀ., ਪਟਿਆਲਾ-1989, ਪੰਨਾ-8, 74.
2. ਰਾਸਿ ੩, ਅੰਸੂ ੪੧, ਛੰਦ ੪੬ (੬ਵੀਂ ਜਿਲਦ), (ਸੰਪਾ.) ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ-2087.
3. 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (ਭਾਗ-1), (ਸੰਪਾ.) ਕਿਰਪਾਲ ਸਿੰਘ, ਖ਼ਾਲਸਾ ਕਾਲਜ, ਅੰਮ੍ਰਿਤਸਰ-1962, ਪੰਨਾ-190.
4. ਭਾਗ-1, ਭਾਸ਼ਾ ਵਿਭਾਗ, ਪਟਿਆਲਾ-1970 (ਦੂਜੀ ਵਾਰ), ਪੰਨਾ-80.



Digitized by Panjab Digital Library | www.panjabdigilib.org

5. ਪ੍ਰੋ. ਸਾਹਿਬ ਸਿੰਘ ਇਨ੍ਹਾਂ ਦੀ ਬਾਣੀ ਵਿਚ ਵਰਤੀ ਗਈ ਸ਼ਬਦਾਵਲੀ ਦੇ ਆਧਾਰ ਉੱਤੇ ਭਗਤ ਜੀ ਨੂੰ 'ਬ੍ਰਾਹਮਣ'-ਜਾਤਿ ਦਾ ਮੰਨਦੇ ਹਨ। ਵੇਖੋ : 'ਭਗਤ ਬਾਣੀ ਸਟੀਕ' (ਹਿਸਾ ਪਹਿਲਾ), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ-1959, ਪੰਨਾ 27.

ਡਾ. ਮਨਮੋਹਨ ਸਹਿਗਲ ਜੀ ਬੜੇ ਅਜੀਬ ਢੰਗ ਨਾਲ ਇਨ੍ਹਾਂ ਨੂੰ ਬ੍ਰਹਮਣ ਸਵੀਕਾਰਦੇ ਹਨ। ਇਨ੍ਹਾਂ ਅਨੁਸਾਰ "ਇਹ 'ਬ੍ਰਹਮਾਨੁਭਵ' ਮਹਾਤਮਾ ਬ੍ਰਹਮਣ ਹੀ ਸਨ।" (ਇਥੇ ਸਵਾਲ ਉਠਾਇਆ ਜਾ ਸਕਦਾ ਹੈ ਕਿ ਜੇ 'ਬ੍ਰਹਮਾਨੁਭਵ' ਹੋਣਾ, 'ਬ੍ਰਹਮਣ' ਹੋਣ ਦਾ ਸਰਟੀਫਿਕੇਟ ਹੈ ਤਾਂ ਰਵੀਦਾਸ, ਕਬੀਰ, ਫਰੀਦ ਆਦਿ ਇਨਕਲਾਬੀ ਭਗਤ ਕਿਉਂ 'ਬ੍ਰਹਮਣ' ਨਹੀਂ ? ਇਹ ਮਹਾਂਪੁਰਖ ਵੀ 'ਬ੍ਰਹਮਾਨੁਭਵ' ਹੀ ਸਨ।) ਵੇਖੋ ਗੁਰੂ ਗ੍ਰੰਥ ਏਕ ਸੰਸਕ੍ਰਿਤਕ ਸਰਵੇਕਸ਼ਣ ਭਾਸ਼ਾ ਵਿਭਾਗ, ਪਟਿਆਲਾ-1970, ਪੰਨਾ-24.

6. ਗਿ. ਗੁਰਦਿੱਤ ਸਿੰਘ ਜੀ ਗੁਰਬਾਣੀ ਦੀ ਇਹ ਪੰਕਤੀ ਨੂੰ ਆਧਾਰ ਬਣਾਉਂਦੇ ਹਨ; 'ਤ੍ਰਿਲੋਚਨ ਗੁਰ ਮਿਲਿ ਭਈ ਸਿਧਿ (ਪੰਨਾ ੧੧੯੨)॥ ਵੇਖੋ : 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ' (ਭਗਤ ਬਾਣੀ ਭਾਗ), ਸਿਖ ਸਾਹਿਤ ਸੰਸਥਾਨ, ਚੰਡੀਗੜ੍ਹ, ਮਈ-1990, ਪੰਨਾ-290.

7. (ਸੰਪਾ.) ਗੁਰਚਰਨ ਸਿੰਘ ਸੇਕ, ਪੰਜਾਬੀ ਯੂਨੀ., ਪਟਿਆਲਾ-1991, ਪੰਨਾ-226, 243.

8. -ਉਹੀ-, ਪੰਨਾ-226 (ਫੁ. ਨੋ.), ਡਾ. ਡੀ.ਐਨ. ਮਜੂਮਦਾਰ ਨੇ ਉੱਤਰ ਪ੍ਰਦੇਸ਼ ਦੀਆਂ ਜਾਤਾਂ ਅਤੇ ਕਬੀਲਿਆਂ ਬਾਰੇ ABO ਰਕਤ ਵਰਗ ਦੀ ਪ੍ਰਤੀਸ਼ਤ ਵੰਡ ਸਾਰਣੀ ਬਣਾਉਂਦੇ ਸਮੇਂ 'ਕਾਇਸਥ' ਨੂੰ ਇਕ 'ਛੋਟੀ ਜਾਤਿ' ਵਿਚ ਸ਼ਾਮਿਲ ਕੀਤਾ ਹੈ। ਵੇਖੋ : Races and Cultures of India) ਪੰਜਾਬੀ ਅਨੁਵਾਦ 'ਭਾਰਤੀ ਸੰਸਕ੍ਰਿਤੀ ਅਤੇ ਜਾਤੀਆਂ' (ਅਨੁ.) ਬਲਦੇਵ ਸਿੰਘ, ਪੰਜਾਬੀ ਯੂਨੀ. ਪਟਿਆਲਾ-1975, ਪੰਨਾ-121, ਸਾਰਣੀ-6.

9. (ਟੀਕਾਕਾਰ) ਸੰਤ ਲਾਲ ਸਿੰਘ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੰਪਨੀ, ਅੰਮ੍ਰਿਤਸਰ, ਮਿਤੀ ਹੀਨ, ਪੰਨਾ-248.

10. ਬਾਣੀਆਂ ਜਾਤਿ, ਵਣਜ-ਵਪਾਰ ਕਰਦੀ ਹੋਣ ਕਰਕੇ, ਭਾਰਤੀ 'ਵਰਣ-ਵੰਡ' ਪ੍ਰਥਾ ਅਨੁਸਾਰ 'ਵੈਸ਼' ਵਰਣ ਵਿਚ ਆਉਂਦੀ ਹੈ ਜੋ ਕਿ 'ਨੀਵੀਂ ਜਾਤਿ' ਹੈ। ਆਧੁਨਿਕ ਵਿਦਵਾਨਾਂ ਵਿਚੋਂ ਬਹੁਤੇ ਭਗਤ ਜੀ ਦੀ ਜਾਤੀ 'ਵੈਸ਼' ਹੀ ਸਵੀਕਾਰਦੇ ਹਨ। 'ਪੋਥੀ ਚਤੁਰਭੁਜ' ਵਿਚ 'ਕਾਇਸਥ' ਜਾਤਿ ਨੂੰ ਬਾਣੀਆ ਕਰਕੇ ਸੰਕੇਤਿਆ ਹੈ। (ਵੇਖੋ ਸੰਪਾ. ਕਿਰਪਾਲ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ-1969, ਪੰਨਾ-540, ਸਾਖੀ-47), ਭਾਈ ਸਾਹਿਬ ਭਾਈ ਗੁਰਦਾਸ ਜੀ 'ਕਾਇਥ' ਨੂੰ ਮੁਨਸ਼ੀ, ਪਟਵਾਰੀ (ਵੈਸ਼ ਲੋਕ) ਆਦਿ ਦੇ ਅਰਥਾਂ ਵਿਚ ਹੀ ਲੈਂਦੇ ਹਨ : "ਕਿਤੜੇ ਸੂਦ ਸਦਾਇਦੇ ਕਿਤੜੇ ਕਾਇਥ ਲਿਖਣਹਾਰੇ।"-ਵਾਰ ੮, ਪਉੜੀ ੧੨, ਤੁਕ ੧.

11. (ਸੰਪਾ.) ਅਮਰਜੀਤ ਸਿੰਘ, SGPC ਅੰਮ੍ਰਿਤਸਰ, ਜੂਨ, 1998, ਪੰਨਾ-236.

12. 'ਗੋਸ਼ਟੀਆਂ', ਭਾਸ਼ਾ ਵਿਭਾਗ, ਪਟਿਆਲਾ-1970, ਪੰਨਾ-70.

13. 'The Sikh Religion, Its Gurus, Sacred Writings and Authors', (Vol. VI), S. Chand & Co., Delhi, 1963, p. 76.



Digitized by Panjab Digital Library | www.panjabdigilib.org

14. 'ਮਹਾਨ ਕੋਸ਼', ਭਾਸ਼ਾ ਵਿਭਾਗ, ਪਟਿਆਲਾ-1999 (ਛੇਵੀਂ ਵਾਰ), ਪੰਨਾ-609.

15. "Trilochan is said to have been born in 1267 AD at Barsi in Sholapur district, Bombay. He was Vaishya by caste. He was a contemporary of Namdev and remained in his company for some time". 'A Critical Study of Adi Granth", The Pbi. Writers, Co. Indu. S. Ltd., New Delhi, March-1961, p. 3.

16. 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ', ਫ਼ਕੀਰ ਐਂਡ ਸੰਨਜ਼, ਘੰਟਾ ਘਰ, ਅੰਮ੍ਰਿਤਸਰ-1963, ਪੰਨਾ-153.

17. 'ਗੁਰੂ ਗ੍ਰੰਥ ਵਿਸ਼ਵਕੋਸ਼' (ਭਾਗ ਦੂਜਾ), ਪੰਜਾਬੀ ਯੂਨੀ. ਪਟਿਆਲਾ-2002, ਪੰਨਾ-੧੫.

18. 'ਭਗਤ ਨਾਮਦੇਵ ਤਥਾ ਹੋਰ ਭਗਤ : ਜੀਵਨੀ ਤੇ ਰਚਨਾ', ਪੰਜਾਬੀ ਯੂਨੀ. ਪਟਿਆਲਾ-1978, ਪੰਨਾ-79.

19. Vol. IV, Pbi. Uni., Pta.-2000, p. 365.

20. ਪਹਿਲੀ ਪੋਥੀ, ਪੰਨਾ-92 (ਫੁ.ਨੋ.)

21. 'ਆਦਿ ਗ੍ਰੰਥ ਦੇ ਯੋਗਦਾਨੀ', ਪੰਜਾਬੀ ਯੂਨੀ. ਪਟਿਆਲਾ-1967, ਪੰਨਾ-10

22. 'ਭਗਤ ਦਰਸ਼ਨ', ਖ਼ਾਲਸਾ ਬ੍ਰਦਰਜ਼, ਅੰਮ੍ਰਿਤਸਰ-1973 (ਤੀਜੀ ਵਾਰ), ਪੰਨਾ-221

23. 'ਭਗਤਾਂ ਦੀ ਬਾਣੀ', ਨੈਸ਼ਨਲ ਬੁਕ ਟ੍ਰਸਟ ਇੰਡੀਆ, ਏ-5, ਗਰੀਨ ਪਾਰਕ, ਦਿੱਲੀ-1994, ਪੰਨਾ-72.

24. ਇਨ੍ਹਾਂ ਕਹਾਣੀਆਂ ਦੇ ਵਿਸਤਾਰ ਲਈ ਵੇਖੋ :

(i) 'ਭਗਤ-ਦਰਸ਼ਨ', ਗਿ: ਪ੍ਰਤਾਪ ਸਿੰਘ, ਪੰਨਾ-221

(ii) 'ਗੋਸ਼ਟੀਆਂ', ਭਾਸ਼ਾ ਵਿਭਾਗ, ਪੰਨਾ-70

(iii) 'The Sikh Religon', Vol.-VI, p. 76 (ਮੈਕਾਲਫ਼) ਆਦਿ।

25. ਇਸ ਦਾ ਪੁਰਾਣਾ ਹਵਾਲਾ ਨਾਭਾ ਸ੍ਵਾਮੀ 'ਭਗਤ ਮਾਲਾ' ਵਿਚ ਆਉਂਦਾ ਹੈ, ਜਿਸ ਵਿਚ ਆਪ ਜੀ ਅਤੇ ਨਾਮਦੇਵ ਨੂੰ ਗਿਆਨਦੇਵ ਸੰਤ ਦਾ ਸ਼ਿਸ਼ ਦਸਿਆ ਗਿਆ ਹੈ। - 'ਭਗਤਾਂ ਦੀ ਬਾਣੀ' (ਸੰਪਾ.) ਡਾ. ਧਰਮਪਾਲ ਸਿੰਗਲਾ ਦੀ ਪੁਸਤਕ ਤੋਂ ਉਦਰਿਤ, ਪੰਨਾ-72.

26. ਗੁਰਮਤਿ ਅਜਿਹੇ 'ਗੁਰੂ' ਦੀ ਹੀ ਗਲ ਕਰਦੀ ਹੈ :

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥* (ਪੰਨਾ-੭੫੯)

27. *ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥* (ਪੰਨਾ-੪੮੫)
*ਨਾਮ ਕੇ ਧਾਰੇ ਸਗਲੇ ਜੰਤ ॥* (ਪੰਨਾ-੨੮੪)



Digitized by Panjab Digital Library | www.panjabdigilib.org

28. 'Encyclopaedia of Religion and Culture', Vikas Pub. House Pvt. Ltd., New Delhi-1995, p. 483, ਭਗਤ ਜੀ ਦੇ ਤਿੰਨ ਪਦੇ ਅਤੇ W.H. McLeod 'Historical Dictionary of Sikhism' (Oxford), March-2002, p. 213, ਭਗਤ ਜੀ ਦੇ ਪੰਜ ਪਦੇ, ਬਾਣੀ ਵਿਚ ਸ਼ਾਮਿਲ ਹੋਣ ਦੀ ਸੂਚਨਾ ਦਿੰਦੇ ਹਨ। ਇਹ ਦੋਵੇਂ ਸੂਚਨਾਵਾਂ ਗ਼ਲਤ ਹਨ। ਗੁਜਰੀ ਰਾਗ ਦੇ ਦੋ ਪਦਿਆਂ ਨਾਲ ਤੀਸਰਾ ਇਕ ਵਾਧੂ ਪਦਾ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ 'ਤੀਜੀ ਸ਼ਾਖਾ' (ਲਾਹੌਰ ਵਾਲੀ) ਵਿਚ ਮਿਲਦਾ ਹੈ। ਮੈਕਲੋਡ ਇਸ ਦੇ ਆਧਾਰ 'ਤੇ ਕਹਿ ਰਿਹਾ ਹੈ, ਜੋ ਕਿ ਪ੍ਰਮਾਣਿਕ/ਪ੍ਰਮਾਣਿਤ ਨਹੀਂ। (ਤੀਜੀ ਸ਼ਾਖਾ ਦਾ ਵੇਰਵਾ ਅਗੇ ਵੇਖੋ।)

29. ਗੁਰੂ ਗ੍ਰੰਥ ਵਿਸ਼ਵਕੋਸ਼- (Vol. II) ਪੰਨਾ 94 ਤੋਂ ਉਦਰਿਤ

30. ਗੁਰੂ ਅਰਜਨ ਸਾਹਿਬ ਦੁਆਰਾ ਸੰਪਾਦਿਤ (1604 ਈ), ਗੁਰੂ ਗੋਬਿੰਦ ਸਿੰਘ ਦੁਆਰਾ 'ਗੁਰਗਦੀ ਪ੍ਰਾਪਤ' (1708 ਈ) ਅਤੇ ਹੁਣ ਵਰਤਮਾਨ ਪ੍ਰਕਾਸ਼ਮਾਨ ਬੀੜ, 'ਆਦਿ ਬੀੜ ਦੀ ਸ਼ਾਖਾ' ਹੈ। ਦੂਜੀ 'ਭਾਈ ਬੰਨੋ ਵਾਲੀ ਸ਼ਾਖਾ' ਹੈ, ਜਿਸ ਵਿਚ ਕੁਝ ਵਾਧੂ ਬਾਣੀਆਂ ਸ਼ਾਮਲ ਹਨ। 'ਤੀਜੀ ਲਾਹੌਰ ਵਾਲੀ ਸ਼ਾਖਾ' ਹੈ, ਜਿਸ ਵਿਚ ਭਗਤਾਂ ਦੇ ਨਾਂ ਹੇਠ ਵਾਧੂ ਬਾਣੀ ਤੋਂ ਇਲਾਵਾ ਸੰਪਾਦਨ ਤਰਤੀਬ ਵਿਚ ਥੋੜਾ ਫ਼ਰਕ ਹੈ, ਜਿਵੇਂ ਮੁੰਦਾਵਣੀ ਦਾ ਸਭ ਤੋਂ ਅਖ਼ੀਰ ਵਿਚ ਹੋਣਾ। (ਬੂੜੇ ਸੰਧੂ ਤੇ ਕਾਨਗੜ੍ਹ (ਪਟਿ.) ਵਾਲੀਆਂ ਬੀੜਾਂ ਇਸੇ ਸ਼ਾਖਾ ਨਾਲ ਸਬੰਧਿਤ ਹਨ। ਇਸ ਨੂੰ 'ਗਿਆਨੀਆਂ ਵਾਲੀ ਸ਼ਾਖਾ' ਵੀ ਕਹਿ ਦਿੱਤਾ ਜਾਂਦਾ ਹੈ।

31. ਗੁਰੂ ਗ੍ਰੰਥ ਸਾਹਿਬ ਦਾ ਇਤਿਹਾਸ, ਪੰਨਾ-283.

32. ਭਗਤਾਂ ਦੀ ਬਾਣੀ-ਪੰਨਾ-73

ਨੋਟ : ਡਾ. ਸਿੰਗਲਾ ਜੀ ਦੇ ਉਪਰੋਕਤ ਕਥਨ ਤੋਂ ਇਹ ਅਨੁਮਾਨ ਨਹੀਂ ਲਾ ਲੈਣਾ ਚਾਹੀਦਾ ਕਿ ਭਗਤ ਧੰਨਾ ਜੀ ਨੇ ਕਿਸੇ ਪਥਰ ਪੂਜ ਬ੍ਰਾਹਮਣ ਤ੍ਰਿਲੋਚਨ ਨੂੰ ਗੁਰੂ ਧਾਰਿਆ ਸੀ। ਨਿਸ਼ਕਰਸ਼ਨ ਲਈ ਦੇਖੋ-'ਭਗਤ ਬਾਣੀ ਸਟੀਕ' (ਭਾਗ-1), ਪ੍ਰੋ. ਸਾਹਿਬ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ., ਮਈ-1959, ਪੰਨਾ-32.

33. 'ਨਾਵਾਂ ਤੇ ਥਾਵਾਂ ਦਾ ਕੋਸ਼', ਮੇਹਰ ਸਿੰਘ, ਸੁਰਿੰਦਰ ਸਿੰਘ, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ 1959 (ਤੀਜੀ ਵਾਰ), ਪੰਨਾ-142.

34. 'Sikhism, its Philosophy and History', Institute of Sikh Studies, Chd. 1997, P- 278.

35. "Krishna Himself came in the name of 'Antarjami' and served them for thirteen months". 'The Gospel of Guru Granth Sahib' The Theosophical Pub. House, Adyar-1975, p. XXXIV (4th Edition).

36. By W. Owen Cole and Piara Singh Sambhi, Rupua Co., New Delhi-1990, P-155.



Digitized by Panjab Digital Library | www.panjabdigilib.org

37. 'ਮਹਿਮਾ ਪ੍ਰਕਾਸ਼' (ਭਾਗ-2), ਖੰਡ-1, ਭਾਸ਼ਾ ਵਿਭਾਗ, ਪਟਿਆਲਾ-1999 (ਤੀਜੀ ਵਾਰ), ਪੰਨਾ-348.

38. ਇਥੇ ਭਗਤ ਜੀ ਵਿਚਾਰਧਾਰਾ ਦੇ ਸਿਧਾਂਤਕ ਅਧਿਐਨ ਦਾ ਆਧਾਰ ਉਨਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਚਾਰ ਸ਼ਬਦਾਂ ਨੂੰ ਬਣਾਇਆ ਗਿਆ ਹੈ ਅਤੇ ਇਸ ਸਿਧਾਂਤਾਂ/ਸੰਕਲਪਾਂ ਦੀ ਗੁਰਮਤਿ ਨਾਲ ਏਕਤਾ ਦੀ ਪੁਸ਼ਟੀ ਲਈ ਬਾਕੀ ਗੁਰਬਾਣੀ ਵਿਚੋਂ ਕੇਵਲ ਸੰਕੇਤ-ਮਾਤਰ ਤੁਕਾਂ ਦਿਤੀਆਂ ਗਈਆਂ ਹਨ।

39. 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' (ਦੂਜੀ ਜਿਲਦ), ਪੰਜਾਬੀ. ਯੂਨੀ. ਪਟਿਆਲਾ, ਦਸੰਬਰ, 1975, ਪੰਨਾ-26 (ਭੂਮਿਕਾ)

40. ਦੂਜੇ ਪਾਸੇ ਸਾਰਾ ਭਾਰਤੀ ਫ਼ਲਸਫ਼ਾ ਮਾਇਆ ਦੇ ਅਰਥ, ਜਗਤ ਦੀ 'ਅਸਤਤਾ' ਨੂੰ ਲੈਂਦਾ ਹੈ।"ਗੌੜਪਦ ਦਾ ਸਾਰਾ ਯਤਨ ਏਹੋ ਸੀ ਕਿ ਇਹ ਸਿਧ ਕੀਤਾ ਜਾਵੇ ਕਿ ਸੰਸਾਰ ਮਿਥਿਆ ਹੈ"।ਉਹੀ ਪੰਨਾ-23 (ਦੇਖੋ ਭੂਮਿਕਾ)

41. ਸੰਸਕ੍ਰਿਤ ਵਿਚ ਕਰਮ (कर्मन) ਦਾ ਭਾਵ ਕੰਮ ਹੈ ਅਤੇ ਅਰਬੀ ((In) ) ਵਿਚ ਬਖਸ਼ਿਸ਼, ਕ੍ਰਿਪਾ ਆਦਿ।

(i) 'ਸ੍ਰੀ ਗੁਰੂ ਗ੍ਰੰਥ ਕੋਸ਼' (ਭਾਗ 1) (ਸੰਪਾ.) ਡਾ. ਗੁਰਚਰਨ ਸਿੰਘ, ਪੰਜਾਬੀ ਯੂਨੀ., ਪਟਿਆਲਾ-2002, ਪੰਨਾ-606.

(ii) 'ਸਿਖ ਮਤ ਵਿਚ ਕਰਮ ਦਾ ਸਥਾਨ', ਡਾ. ਹਰਬੰਸ ਸਿੰਘ ਬਰਾੜ, ਨਾਨਕ ਪ੍ਰਕਾਸ਼ ਪਤ੍ਰਿਕਾ, ਜਿ-5, ਅੰ-1, ਜੂਨ-1973, ਪੰਜਾਬੀ ਯੂਨੀ. ਪਟਿਆਲਾ, ਪੰਨਾ-126.

42. *ਨਾਨਕ ਸਾਧ ਪ੍ਰਭ ਭੇਦੁ ਨ ਭਾਈ॥* (ਪੰਨਾ-੨੭੨)।

43. *ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥*

(ਪੰਨਾ-੫੨੫)

44. ਇਨ੍ਹਾਂ ਸ਼ਬਦਾਂ/ਸੰਕੇਤਾਂ/ਸੰਕਲਪਾਂ ਆਦਿ ਦਾ ਪਿਛਾ (Background) ਜਾਣਨ ਲਈ ਵੇਖੋ:

(i) ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼-ਪ.ਸ. ਪਦਮ, ਪੰਜਾਬੀ ਯੂਨੀ., ਪਟਿਆਲਾ

(ii) ਮਹਾਨ ਕੋਸ਼

(iii) ਹਿੰਦੂ ਮਿਥਿਹਾਸ ਕੋਸ਼-ਭਾਸ਼ਾ ਵਿਭਾਗ

(iv) ਨਾਵਾਂ/ਥਾਵਾਂ ਦਾ ਕੋਸ਼-ਮਾ. ਮਹਿਤਾਬ ਸਿੰਘ, ਆਦਿ।



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਪ੍ਰਬੰਧ ਅਧੀਨ ਚਲ ਰਹੇ ਟਰੱਸਟਾਂ ਦਾ ਕਾਰਜ-ਖੇਤਰ

**1. ਅਕਾਲੀ ਫੂਲਾ ਸਿੰਘ ਯਾਦਗਾਰੀ ਟਰੱਸਟ**

ਹਰ ਸਾਲ ਸਿੱਖ ਗੁਰੂ ਸਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ,ਸਿੱਖ ਨੈਤਿਕਤਾ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਪਿਛਲੇ ਸਾਲ ਵਿਚ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਵਿਚੋਂ ਸਰਬੋਤਮ ਪੁਸਤਕ ਦੇ ਲੇਖਕ ਨੂੰ 6100/-ਰੁਪਏ ਦਾ ਇਨਾਮ ਦਿੱਤਾ ਜਾਂਦਾ ਹੈ।

**2. ਡਾ. ਗੰਡਾ ਸਿੰਘ ਯਾਦਗਾਰੀ ਟਰੱਸਟ**

ਵਾਰਸ਼ਕ ਖੋਜ-ਪੱਤਰ ਪ੍ਰਤਿਯੋਗਤਾ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨ ਉਪਰ ਆਉਣ ਵਾਲੇ ਖੋਜ-ਪੱਤਰਾਂ ਨੂੰ ਕ੍ਰਮਵਾਰ 2100/-, 1500/- ਤੇ 1000/- ਰੁਪਏ ਦਾ ਇਨਾਮ ਤੇ ਹੋਰ ਕਈ ਉਤਸ਼ਾਹ ਵਧਾਊ ਇਨਾਮ ਦਿੱਤੇ ਜਾਂਦੇ ਹਨ।

**3. ਮਦਰ ਆਫ ਖਾਲਸਾ ਯਾਦਗਾਰੀ ਟਰੱਸਟ**

ਹਰ ਸਾਲ ਕਾਲਜ ਦੇ ਵਿਦਿਆਰਥੀਆਂ ਲਈ ਭਾਰਤ ਪੱਧਰ ਤੇ ਗੁਰਮਿਤ ਦਾ ਇਮਤਿਹਾਨ ਲੈ ਕੇ ਹਰ ਜੋਨ ਵਿਚੋਂ ਪ੍ਰਥਮ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵਲੋਂ ਆਯੋਜਿਤ ਕੀਤੇ ਜਾਂਦੇ ਹਨ ਅਤੇ ਇਹ ਟਰੱਸਟ ਉਨ੍ਹਾਂ ਦੀ ਮਾਲੀ ਸਹਾਇਤਾ ਕਰਦਾ ਹੈ।

**4. ਗਿਆਨੀ ਕਰਤਾਰ ਸਿੰਘ ਯਾਦਗਾਰੀ ਟਰੱਸਟ ਅਤੇ ਗਿਆਨੀ ਦਿੱਤ ਸਿੰਘ ਯਾਦਗਾਰੀ ਟਰੱਸਟ**

ਇਨਾਂ ਵਲੋਂ ਵਿਭਿੰਨ ਸਥਾਨਾਂ ਉਪਰ ਕ੍ਰਮਵਾਰ ਵਕਤਾ ਤੇ ਲੇਖਕ ਕਾਰਜਸ਼ਾਲਾ ਲਗਾ ਕੇ ਨੌਜੁਆਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਇਨਾਂ ਦਾ ਆਯੋਜਨ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵਲੋਂ ਕੀਤਾ ਜਾਂਦਾ ਹੈ ਅਤੇ ਇਹ ਟਰੱਸਟ ਉਨਾਂ ਨੂੰ ਮਾਲੀ ਸਹਾਇਤਾ ਦਿੰਦਾ ਹੈ।

**5. ਭਗਤ ਲਛਮਣ ਸਿੰਘ ਯਾਦਗਾਰੀ ਟਰੱਸਟ**

ਇਸ ਟਰੱਸਟ ਦੇ ਮਾਲੀ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਦੁਆਰਾ ਵਿਭਿੰਨ ਕਾਲਜਾਂ ਤੇ ਸਕੂਲਾਂ ਵਿਚ ਵਿਦਵਾਨਾਂ ਵਲੋਂ ਗੁਰਮਿਤ ਅਥਵਾ ਗੁਰ-ਇਤਿਹਾਸ ਦੇ ਵਿਸ਼ਿਆਂ ਉਤੇ ਭਾਸ਼ਣ ਕਰਵਾਏ ਜਾਂਦੇ ਹਨ।

**6. ਸ. ਨਰੈਣ ਸਿੰਘ ਯਾਦਗਾਰੀ ਟਰੱਸਟ**

ਸਕੂਲ ਦੇ ਵਿਦਿਆਰਥੀਆਂ ਨੂੰ ਵਜੀਫੇ ਅਤੇ ਗੁਰਮਤਿ ਕਾਲਜ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

PL-0856

Digitized by Panjab Digital Library | www.panjabdigilib.org

## ਗੁਰੂ ਨਾਨਕ ਦੇਵ ਮਿਸ਼ਨ ਵਲੋਂ ਛਾਪੇ ਗਏ ਕੁੱਝ ਟ੍ਰੈਕਟ

| ਲੜੀ ਨੰ. | ਟ੍ਰੈਕਟ ਦਾ ਨਾਮ | ਕੀਮਤ |
|---|---|---|
| 462 | ਗੁਰਮਤਿ ਵਿੱਚ ਤਖਤਾਂ ਦੀ ਮਹਾਨਤਾ | 6.00 |
| 465 | ਗੁਰਬਾਣੀ ਪਾਠ ਕਿਵੇਂ ਕਰੀਏ ? | 4.00 |
| 466 | Why Am I a Sikh | 2.00 |
| 467 | ਬਾਣੀ ਨਾਮਦੇਵ ਜੀ | 8.00 |
| 468 | ਸੁਖਮਨੀ ਸਾਹਿਬ ਦਾ ਆਦਰਸ਼-ਮੱਨੁਖ-ਬ੍ਰਹਮ ਗਿਆਨੀ | 5.00 |
| 469 | ਪੰਜਾਬੀ ਸਭਿਆਚਾਰ ਦਾ ਵਿਸ਼ਵ ਦ੍ਰਿਸ਼ਟੀਕੋਣ | 8.00 |
| 470 | ਭਗਤ ਕਬੀਰ | 6.00 |
| 478 | ਸਿੱਖ ਸਭਿਆਚਾਰ-' ਸ' ਸਭਿਆਚਾਰ | 9.00 |
| 479 | 1699 ਦੀ ਵਿਸਾਖੀ | 10.00 |
| 480 | The Vision of Gursikh (The Disciple of the Guru) in Gurbani | 8.00 |
| 481 | ਭਾਈ ਮੱਖਣ ਸ਼ਾਹ ਲੁਬਾਣਾ | 6.00 |
| 483 | ਸ਼ਹੀਦੀ ਦਾ ਸੰਕਲਪ ਤੇ ਸਿੱਖ ਜੀਵਨ ਜਾਚ | 4.00 |
| 484 | Permanent Peace | |
| 485,486 | ਸਿਖੀ ਸਿਖਿਆ ਗੁਰਵਿਚਾਰ | 10.00 |
| 487 | ਜਥੇਦਾਰ ਅਤਰ ਸਿੰਘ | 6.00 |
| 488 | ਦਸਮ ਗ੍ਰੰਥ-ਸੰਖੇਪ ਨਿਰੀਖਣ | 6.00 |
| 489 | ਸਿੱਖ ਨਾਮ ਕੋਸ਼ | 6.00 |
| 497 | ਗੁਰਮਤਿ ਸੰਪੂਰਨ ਜੀਵਨ ਦਾ ਮਾਰਗ | 6.00 |
| 498 | ਨਾਮ ਅੰਮ੍ਰਿਤ-ਖੰਡੇ ਦਾ ਅੰਮ੍ਰਿਤ | 6.00 |
| 499 | ਗੁਰਮਿਤ-ਸੰਪੂਰਨ ਜੀਵਨ ਦਾ ਮਾਰਗ | 8.00 |
| 500 | ਸਿੱਖ-ਵਿਦਿਅਕ ਸੰਸਥਾਵਾਂ ਤੇ ਸਿੱਖੀ ਇਤਿਹਾਸ | 6.00 |
| 501 | 'ਚੜ੍ਹਦੀ ਕਲਾ' ਦਾ ਸੰਖੇਪ ਇਤਿਹਾਸ | 10.00 |
| 502 | '੧ੴ'ਦਾ ਸਿਧਾਂਤ ਤੇ ਭੂਗੋਲ | 10.00 |
| 503,504 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 505,506 | ਪ੍ਰਾਪਤ ਪੁਰਾਣੇ ਰਹਿਤਨਾਮੇ-ਮੁਲਾਂਕਣ | 12.00 |
| 507,508 | ਅਜੋਕੇ ਯੁੱਗ ਵਿੱਚ ਖ਼ਾਲਸੇ ਦੀ ਪ੍ਰਾਸੰਗਿਕਤਾ | 12.00 |
| 509 | creation of the Khalsa | 15.00 |
| 511 | ਦਸਵੰਧ ਪ੍ਰੰਪਰਾ | 12.00 |
| 512 | ਅਨੁਭਉ ਪ੍ਰਕਾਸ਼ | 12.00 |
| 513 | Maharaja Ranjit Singh His Image and In balance At Home and Abroad | 12.00 |
| 514 | ਜਪਹੁ ਏਕ ਨਾਮਾ | 15.00 |
| 515,516 | ਬਾਬਾ ਫਰੀਦ ਜੀ (ਡਾ. ਇੰਦਰਜੀਤ ਸਿੰਘ ਵਾਸੂ) | 15-00 |
| 517,518 | ਬਾਬਾ ਫਰੀਦ ਜੀ (ਸ. ਗੁਰਬਖਸ਼ ਸਿੰਘ ਪਿਆਸਾ) | 15.00 |
| 519 | 21ਵੀਂ ਸਦੀ ਵਿੱਚ ਸਿੱਖ | 12.00 |
| 520-21-22 | ਪਾਕਿਸਤਾਨ ਵਿੱਚ ਗੁਰਦਵਾਰਿਆਂ ਦੀ ਯਾਤਰਾ | 25-00 |
| 523 | ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਾਜਨੀਤਿਕ ਵਿਚਾਰ | |
| 524 | ਭਗਤ ਤ੍ਰਿਲਚਨ ਜੀ | |
| 525 | ਸਿੱਖਾਂ ਵਿਚ ਮੀਰੀ-ਪੀਰੀ ਦੀ ਧਾਰਨਾ | |

Digitized by Panjab Digital Library | www.panjabdigilib.org